
ੴ

# ਭਾਈ ਘਨੱਈਆ ਸੇਵਾ ਜੋਤੀ

ਮਾਰਚ 2003




300 ਸਾਲਾ ਬਖ਼ਸ਼ਿਸ਼ ਦਿਵਸ ਦੇ ਮੌਕੇ ਅਚਾਰੀਆ ਮਹਾਂਮੰਡਲੇਸ਼ਵਰ ਯੁਗ ਪੁਰਸ਼ ਸੁਆਮੀ ਪਰਮਾਨੰਦ ਜੀ ਦਾ ਸਵਾਗਤ ਕਰਦੇ ਹੋਏ ਸ਼੍ਰੀਮਾਨ 108 ਮਹੰਤ ਤੀਰਥ ਸਿੰਘ ਜੀ ਅਤੇ ਸੰਤ ਬਾਬਾ ਰਾਮ ਸਿੰਘ ਜੀ।


ੴ
ਵਾਹਿਗੁਰੂ ਜੀ ਕਾ ਖਾਲਸਾ ।।
ਵਾਹਿਗੁਰੂ ਜੀ ਕੀ ਫਤਿਹ ।।
ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ।
ਗੋਨਿਆਣਾ ਭਾਈ ਜਗਤਾ ਵਿਖੇ

# ਸੇਵਾ ਪੰਥੀ ਮਹਾਪੁਰਖਾਂ ਦੀਆਂ ਸਾਲਾਨਾ ਬਰਸੀਆਂ

ਬੜੇ ਪ੍ਰੇਮ, ਸ਼ਰਧਾ ਤੇ ਉਤਸਾਹ ਨਾਲ ਹੇਠ ਲਿਖੇ ਅਨੁਸਾਰ ਮਨਾਈਆਂ ਜਾਣਗੀਆਂ



ਸੱਚ-ਖੰਡ ਵਾਸੀ ਸ਼੍ਰੀਮਾਨ ਸੰਤ ਭਾਈ ਸੁਹੇਲ ਸਿੰਘ
ਸੇਵਾ ਪੰਥੀ ਦੀ 54ਵੀਂ ਸਾਲਾਨਾ ਬਰਸੀ
ਮਿਤੀ 16 ਤੋਂ 18 ਅਪ੍ਰੈਲ 2003
ਮੁਤਾਬਿਕ 3 ਤੋਂ 5 ਵੈਸਾਖ 2060
ਗੁਰਦੁਆਰਾ ਸੰਤ ਭਾਈ ਸੁਹੇਲ ਸਿੰਘ ਜੀ
ਨਵੀਂ ਬਸਤੀ ਗੋਨਿਆਣਾ ਮੰਡੀ ਵਿਖੇ



ਸੱਚ-ਖੰਡ ਵਾਸੀ ਸ਼੍ਰੀਮਾਨ ਸੰਤ ਭਾਈ ਗੁਲਾਬ ਸਿੰਘ
ਸੇਵਾ ਪੰਥੀ ਦੀ 53ਵੀਂ ਸਾਲਾਨਾ ਬਰਸੀ
ਮਿਤੀ 18 ਤੋਂ 20 ਅਪ੍ਰੈਲ 2003
ਮੁਤਾਬਿਕ 5 ਤੋਂ 7 ਵੈਸਾਖ 2060
ਟਿਕਾਣਾ ਭਾਈ ਜਗਤਾ ਜੀ ਸਾਹਿਬ
ਗੋਨਿਆਣਾ ਮੰਡੀ ਵਿਖੇ ।

ਇਹ ਭੀ ਅਪਨੋ ਪੰਥ ਪ੍ਰਕਾਸ਼ੈ ॥

ੴ ਸਤਿਗੁਰ ਪ੍ਰਸਾਦਿ ॥

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥

# ਭਾਈ ਘਨੱਈਆ ਸੇਵਾ ਜੋਤੀ

ਪੰਜਾਬੀ ਮਾਸਿਕ

ਸਾਲ : 19ਵਾਂ ਅੰਕ : ਤੀਜਾ ਮਾਰਚ 2003 ਕੀਮਤ : ਅਮੁੱਲ

ਮੁੱਖ ਸਰਪ੍ਰਸਤ : ਸੰਤ ਬਾਬਾ ਤੀਰਥ ਸਿੰਘ ਸੇਵਾ ਪੰਥੀ Ph.0164-2262012 Mob:98140-32957

ਸਰਪ੍ਰਸਤ : ਸੰਤ ਕਾਹਨ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ ਫ਼ੋਨ : 2263333 ਮੋਬਾ: 98140-04503, ਮਹੰਤ ਈਸ਼ਵਰ ਦਾਸ ਸ਼ਾਸਤਰੀ ਜਲੰਧਰ, ਸੰਤ ਹਰਪਾਲ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ, ਸੰਤ ਗੁਰਚਰਨ ਸਿੰਘ ਮੋਬਾ: 98140-02004,2263888, ਸੰਤ ਰਣਜੀਤ ਸਿੰਘ 'ਸੇਵਾ ਪੰਥੀ' ਗੋਨਿ : ਮੰਡੀ ਫ਼ੋਨ : 2262276 ਮੋਬਾ: 98140-35191, ਸ੍ਰ: ਤ੍ਰਿਲੋਚਣ ਸਿੰਘ ਸੇਠੀ ਮੁੰਬਈ।

ਮੁੱਖ ਸਲਾਹਕਾਰ : ਸ੍ਰ: ਵਜਿੰਦਰ ਸਿੰਘ ਐਡਵੋਕੇਟ ਅੰਬਾਲਾ, ਸ੍ਰ: ਨਰਿੰਦਰ ਸਿੰਘ 'ਸੋਚ' ਅੰਮ੍ਰਿਤਸਰ, ਸ: ਸੁਰਜਨ ਸਿੰਘ ਘੁਲਿਆਣੀ ਮੋਬਾ: 98140-94817, ਸ੍ਰੀਮਤੀ ਭੁਪਿੰਦਰ ਕੌਰ ਪਤਨੀ ਸ੍ਰ: ਜੀ · ਐਸ · ਬਜਾਜ ਦਿੱਲੀ, ਸ੍ਰ: ਜਸਪਾਲ ਸਿੰਘ ਹਿੰਦੁਸਤਾਨ ਰੈਫਰੀਜੇਸ਼ਨ ਦਿੱਲੀ

ਸੰਪਾਦਕੀ ਬੋਰਡ ਪ੍ਰਬੰਧਕੀ ਸੰਪਾਦਕ : ਭੁਪਿੰਦਰ ਸਿੰਘ 'ਸੇਵਾ ਪੰਥੀ' Ph. 2262657
e-mail : bhupindersp@rediffmail.com
ਮੁੱਖ ਸੰਪਾਦਕ : ਚਮਨ ਸਿੰਘ 'ਚਮਨ' Ph.2262152, M.98140-75504
ਸ: ਸੰਪਾਦਕ : ਅਮਰਜੀਤ ਸਿੰਘ "ਮਾਛੀਵਾੜਾ" Ph. 2262051

## ਤਤਕਰਾ

| ਲੇਖ | ਪ੍ਰਕਾਸ਼ਮਾਨ ਜੋਤਾਂ | ਪੰਨਾ |
|---|---|---|
| ਚੇਤਿ ਮਹੀਨੇ ਦਾ ਮੂਲ ਪਾਠ ਤੇ ਵਿਸ਼ੇਸ਼ ਤਿੱਥ-ਤਿਉਹਾਰ | ਗੁਰਮੀਤ ਕੌਰ 'ਮੀਤ' | 2 |
| ਸੰਪਾਦਕੀ | ਚਮਨ ਸਿੰਘ 'ਚਮਨ' | 3 |
| 53ਵੀਂ ਬਰਸੀ ਸੰਬੰਧੀ ਪ੍ਰੋਗਰਾਮ (ਸੰਤ ਕਾਹਨ ਸਿੰਘ ਜੀ) | ਮੈਨੇਜਰ ਇੰਦਰਜੀਤ ਸਿੰਘ ਖੁਰਾਣਾ | 5 |
| ਪ੍ਰੋਗਰਾਮ ਪ੍ਰਚਾਰ ਯਾਤਰਾ (ਮਹੰਤ ਜੀ) | ਮੈਨੇਜਰ ਇੰਦਰਜੀਤ ਸਿੰਘ ਖੁਰਾਣਾ | 7 |
| ਗੁਰੂ ਅੰਗਦ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਪੁਰਬ ਬਾਰੇ | ਬਾਵਾ ਤੇਜਭਾਨ ਸਿੰਘ | 9 |
| ਕਥਾ ਸੁਖਮਨੀ ਸਾਹਿਬ (ਕਿਸਤ ਨੰ: 68) | ਮਹੰਤ ਤੀਰਥ ਸਿੰਘ 'ਸੇਵਾ ਪੰਥੀ | 10 |
| ਸਾਖੀਆਂ ਭਾਈ ਅੱਡਣ ਸ਼ਾਹ ਜੀ | ਕ੍ਰਿਤ ਭਾਈ ਸਹਿਜ ਰਾਮ ਜੀ | 12 |
| ਸੋ ਦਰੁ ਰਹਿਰਾਸ ਸਾਹਿਬ (ਕਿਸਤ ਨੰ: 43) | ਸੰਤ ਕਾਹਨ ਸਿੰਘ 'ਸੇਵਾ ਪੰਥੀ' | 13 |
| ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ | ਭਾਈ ਨੰਦ ਲਾਲ ਜੀ 'ਗੋਯਾ' | 15 |
| ਗੁਰਬਾਣੀ ਵਿੱਚ ਨਿਮਰਤਾ ਤੇ ਨੇਕ ਕਮਾਈ ਦਾ ਮਹੱਤਵ | ਈਸ਼ਰ ਸਿੰਘ ਅਟਾਰੀ | 16 |
| ਸਿੱਖ ਬੀਬੀਆਂ ਦੇ ਅਧਿਕਾਰ ਤੇ ਫਰਜ਼ | ਡਾ. ਗੁਰਸ਼ਰਨ ਸਿੰਘ | 22 |
| ਭਾਈ ਕਨ੍ਹਈਆ (ਕਵਿਤਾ) | ਜੈ ਸਿੰਘ 'ਸ਼ੁਗਲ' ਕਾਨਪੁਰੀ | 25 |
| ਬਾਣੀ ਸੰਗੀਤ | ਨਰਿੰਦਰ ਸਿੰਘ 'ਸੋਚ' | 27 |
| ਕੀਰਤਨ ਦਾ ਸਕੰਲਪ | ਡਾ: ਇੰਦਰਪਾਲ ਸਿੰਘ | 30 |
| ਗੁਰਸਿੱਖੀ ਤੇ ਬਾਬਾ ਸਾਹਿਬ ਸਿੰਘ ਜੀ ਊਨਾ ਸਾਹਿਬ | ਪ੍ਰੋ: ਬਲਵਿੰਦਰਪਾਲ ਸਿੰਘ | 34 |
| ਦਰ - ਘਰ | ਸੰਤ ਭੁਪਿੰਦਰ ਸਿੰਘ 'ਸੇਵਾ ਪੰਥੀ' | 40 |

ੴ ਸਤਿਗੁਰ ਪ੍ਰਸਾਦਿ ॥

# ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

## ਚੇਤਿ

ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥
ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥
ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥
ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥
ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥
ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥
ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ॥
ਹਰਿ ਦਰਸਨ ਕਉ ਮਨੁ ਲੋਚਦਾ ਨਾਨਕ ਪਿਆਸ ਮਨਾ ॥
ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ॥੨॥

| | | | | |
|---|---|---|---|---|
| ਸੰਮਤ ਬਿਕ੍ਰਮੀ | 2059 | ਗੁਰਪੁਰਬ ਤੇ ਵਿਸ਼ੇਸ਼ ਦਿਵਸ | ਮੱਸਿਆ | 3 ਮਾਰਚ |
| ਸੰਮਤ ਨਾਨਕਸ਼ਾਹੀ | 534 | ਮਾਰਚ | ਪੰਚਮੀ | 8 ਮਾਰਚ |
| ਸੰਮਤ ਖ਼ਾਲਸਾ | 304 | 2003 | ਸੰਗਰਾਂਦ | 14 ਮਾਰਚ |
| ਸੰਮਤ ਸਾਕਾ | 1924-25 | | ਪੂਰਨਮਾਸ਼ੀ | 18 ਮਾਰਚ |

| | | |
|---|---|---|
| * ਗੁਰਿਆਈ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ | 30 ਮਾਰਚ | ਐਤਵਾਰ |
| * ਅੰਤਰ ਰਾਸ਼ਟਰੀਆ ਮਹਿਲਾ ਦਿਵਸ | 8 ਮਾਰਚ | ਸ਼ਨੀਵਾਰ |
| * ਹੋਲੀ | 18 ਮਾਰਚ | ਮੰਗਲਵਾਰ |
| * ਹੋਲਾ-ਮਹੱਲਾ ਸ੍ਰੀ ਆਨੰਦਪੁਰ ਸਾਹਿਬ, ਸ੍ਰੀ ਪਾਉਂਟਾ ਸਾਹਿਬ | 19 ਮਾਰਚ | ਬੁੱਧਵਾਰ |
| * ਜੋੜ ਮੇਲਾ ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ | 26-28 ਮਾਰਚ | ਬੁੱਧ-ਸ਼ੁਕਰਵਾਰ |

ਸੰਪਾਦਕੀ

# ਖਾਲਸਾਈ ਹੋਲਾ

ਗੁਰੂ ਕਾ ਸਿੱਖ, ਕਰਤਾ ਪੁਰਖ ਦਾ ਪੁਜਾਰੀ ਤੇ ਉਸ ਕਾਦਰ ਦੀ ਕੁਦਰਤ ਤੋਂ ਸਦਾ ਬਲਹਾਰੀ ਜਾਣ ਵਾਲਾ ਹੈ। ਇਹ ਰੁੱਤਾਂ ਤੇ ਤਿਉਹਾਰਾਂ ਨੂੰ ਬੜੇ ਚਾਅ ਮਲ੍ਹਾਰ ਤੇ ਪ੍ਰੇਮ ਪਿਆਰ ਨਾਲ ਮਨਾ ਕੇ ਖੁਸ਼ ਹੈ। ਭਾਵੇਂ ਇਹ ਪੁਰਾਣੀਆਂ ਰੀਤਾਂ ਰਸਮਾਂ ਤੋਂ ਅਜ਼ਾਦ ਹੀ ਹੈ। ਲੇਕਿਨ ਹਰ ਤਿਉਹਾਰ ਨੂੰ ਆਪਣੇ ਰੰਗ ਢੰਗ ਨਾਲ ਮਨਾ ਕੇ ਇਕ ਵਖੱਰਾ ਸੁਆਦ ਲੈਂਦਾ ਆਇਆ ਹੈ। ਵਿਸਾਖੀ, ਦੀਵਾਲੀ, ਬਸੰਤ ਤੇ ਹੋਲੀ, ਹੋਲਾ, ਇਸ ਦੀ ਜੀਵਨ-ਯਾਤਰਾ ਦੇ ਮਨ-ਭਾਉਂਦੇ ਚਾਰ ਪੜਾਉ ਹਨ, ਜਿਨ੍ਹਾਂ ਤੇ ਇਹ ਬਿਸਰਾਮ ਪਾਉਂਦਾ ਤੇ ਅਪਣੀ ਰੂਹ ਨੂੰ ਮੌਜ ਮੇਲੇ ਨਾਲ ਤ੍ਰਿਪਤਾਉਂਦਾ ਹੋਇਆ ਲੋਕਾਂ ਨੂੰ ਸਮਝਾਉਂਦਾ ਹੈ ਕਿ ਇਹ ਕੰਚਨ ਕਾਇਆਂ ਭਗੌੜੇ ਹੋ ਕੇ ਜੰਗਲ ਮਲੱਣ, ਸੁਆਹ ਮਲਣ ਜਾਂ ਭੁੱਖੇ ਰਹਿ ਕੇ ਤਸੀਹੇ ਝਲੱਣ ਲਈ ਨਹੀਂ ਮਿਲੀ। ਇਹ ਤਾਂ ਕਰਮਯੋਗ ਦਾ ਖੇਤਰ ਹੈ, ਉਦੱਮੀ ਬਣ ਕੇ ਹੀ 'ਨਾਨਕ ਭਗਤਾ ਸਦਾ ਵਿਗਾਸੁ' ਵਾਲੀ ਹਾਲਤ ਬਣਦੀ ਹੈ, ਮੰਗ ਕੇ ਖਾਣ ਨਾਲ ਤਾਂ ਮਨੁੱਖੀ ਮਾਨ-ਸਨਮਾਨ ਤੇ ਅਣਖ-ਆਣ ਦਾ ਤਾਂ ਸਿੱਧਾ ਘਾਣ ਹੀ ਹੁੰਦਾ ਹੈ।

ਵਿਸਾਖੀ, ਪੰਜਾਬ ਦਾ ਪ੍ਰਸਿੱਧ ਤਿਉਹਾਰ ਹੈ ਜਦੋਂ ਕਿ ਕਣਕਾਂ ਦੀ ਆਮਦ ਨਾਲ ਕਿਸਾਨ ਦਾ ਅੰਨ ਭੰਡਾਰ ਭਰਪੂਰ ਹੁੰਦਾ ਹੈ ਤੇ ਉਹ ਗਿੱਧੇ, ਭੰਗੜੇ ਰਾਹੀ ਖੁਸ਼ੀ ਨੂੰ ਜੋਰ-ਸ਼ੋਰ ਨਾਲ ਮਨਾਉਂਦਾ ਹੈ। ਸਿੱਖ ਗੁਰੂ ਸਾਹਿਬਾਨ ਪਹਿਲਾਂ ਤੋਂ ਹੀ ਇਸ ਦੇ ਅਲਮਬਰਦਾਰ ਰਹੇ ਅਤੇ ਇਸੇ ਤਿਉਹਾਰ ਦੀ ਰੌਣਕ ਵਿੱਚ ਹੀ ਖਾਲਸਾ ਪੰਥ ਦੀ ਸਿਰਜਣਾ ਦਾ ਅਨੋਖਾ ਇੰਨਕਲਾਬੀ ਚਮਤਕਾਰ ਹੋਇਆ।

ਫਿਰ ਦੀਵਾਲੀ ਦਾ ਤਿਉਹਾਰ ਆ ਜਾਂਦਾ ਹੈ ਜੋ ਗਰਮੀ ਦੇ ਖਾਤਮੇ ਤੋਂ ਬਾਅਦ ਗੁਲਾਬੀ ਸਰਦੀ ਦਾ ਉਦਘਾਟਨ ਕਰਦਾ ਤੇ ਅੰਧੇਰੀਆਂ ਰਾਤਾਂ ਵਿੱਚ ਦੀਵੇਂ ਜਗਾ ਕੇ 'ਦੀਵਾਲੀ ਦੀ ਰਾਤ ਦੀਵੇ ਬਾਲੀਅਨ' ਜ਼ਿੰਦਗੀ ਦਾ ਰੋਸ਼ਨ ਰਾਹ ਦਰਸ਼ਾਉਂਦਾ ਹੈ। ਸਿੰਘ ਪ੍ਰਕਾਸ਼ ਦਾ ਪ੍ਰੀਤਵਾਨ ਤੇ ਚਾਨਣ ਦਾ ਪੁਜਾਰੀ ਹੈ, ਕਿਉਂ ਕਿ ਗੁਰੂ ਬਾਬਾ ਸਮਝਾ ਗਏ ਹਨ : 'ਕਰਿ ਚਾਨਣੁ ਸਾਹਿਬ ਤਉਮਿਲੈ' ('ਸਿਰੀ ਰਾਗ)

ਸਿਆਲਾਂ ਦੀ ਸਰਦੀ ਬਾਅਦ ਫਿਰ ਬਹਾਰ ਦਾ ਮੌਸਮ ਆ ਜਾਂਦਾ ਹੈ ਤੇ ਮਨੁੱਖ ਕੁਦਰਤ ਨੂੰ ਵਿਕਸਦਾ ਤੱਕ ਕੇ ਅਪਣੇ ਵਿਕਾਸ ਦਾ ਵੀ ਧਰਵਾਸ ਬੰਨ੍ਹਦਾ ਹੈ। ਫੁੱਲਾਂ ਦਾ ਖੇੜਾ ਜਦੋਂ ਸਾਡਾ ਵਿਹੜਾ ਖੁਸ਼ਬੂਆਂ ਤੇ ਟਹਿਕ ਮਹਿਕ ਨਾਲ ਭਰਦਾ ਹੈ ਤਾਂ ਅਸੀਂ ਇੱਕ ਦੂਜੇ ਨੂੰ ਮੁਬਾਰਕਾਂ ਦਿੰਦੇ ਹਾਂ। ਗੁਰੂ ਨਾਨਕ ਦੇ ਬਚਨ ਬਹਾਰ, ਬਸੰਤ ਦੀਆਂ ਵਧਾਈਆਂ ਨਾਲ ਭਰੇ ਪਏ ਹਨ। ਉਹ ਸਾਨੂੰ ਉਤਸ਼ਾਹ ਦਿੰਦੇ ਕਹਿੰਦੇ ਹਨ :

ਮਾਹਾ ਮਾਹ ਮੁਮਾਰਖੀ ਚੜ੍ਹਿ ਸਦਾ ਬਸੰਤ ॥
ਪਰ ਫੜੁ ਚਿਤੁ ਸਮਾਲ ਸੋਇ, ਸਦਾ ਸਦਾ ਗੋਬਿੰਦ ॥

ਇਨ੍ਹਾਂ ਲਪਟਾਂ ਵਿੱਚ ਲਟਬੋਰੇ ਹੋਏ ਕਬੀਰ ਸਾਹਿਬ ਵੀ ਮਸਤੀ ਅੰਦਰ ਇਉਂ ਗੁਣ ਗੁਣਾਉਂਦੇ ਹਨ :

ਮਉਲੀ ਧਰਤੀ ਮਉਲਿਆ ਆਕਾਸੁ ॥
ਘਟਿ ਘਟਿ ਮਉਲਿਆ ਆਤਮ ਪ੍ਰਗਾਸੁ ॥
ਰਾਜਾ ਰਾਮ ਮਉਲਿਆ ਅਨਤ ਭਾਇ ॥
ਜਹ ਦੇਖਉ ਤਹ ਰਹਿਆ ਸਮਾਇ ॥
ਨਾਨਕ ਤਿਨਾ ਬਸੰਤੁ ਹੈ ਜਿਨ ਘਰ ਵਸਿਆ ਕੰਤੁ ॥
ਜਿਨਕਿ ਕੰਤ ਦਿਸਾਪੁਰੀ, ਸੋ ਅਹਿਨਿਸ ਫਿਰਹਿ ਜਲੰਤ ॥ (ਮਹਲਾ ੩)

ਰੂਹਾਨੀ ਮਹਾਂਪੁਰਖ ਰੂਹ ਦੇ ਖੇੜੇ ਦੀ ਗੱਲ ਕਰਦੇ ਹਨ, ਗੁਰੂ ਅਮਰ ਦਾਸ ਦਾ ਹੋਰ ਪਵਿੱਤਰ

ਵਾਕ ਹੈ। :

**ਬਸੰਤੁ ਚੜਿਆ ਫੂਲੀ ਬਨਰਾਇ ਏਹਿ ਜੀਆ ਜੰਤ ਫੂਲਹਿ ਹਰਿ ਚਿਤ ਲਾਇ ॥**
**ਇਨ ਬਿਧਿ ਇਹੁ ਮਨੁ ਹਰਿਆ ਹੋਇ ॥ ਹਰਿ ਹਰਿ ਨਾਮੁ ਜਪੈਦਿਨ ਰਾਤੀ**
**ਗੁਰਮੁਖਿ ਹਉਮੈ ਕਢੈ ਧੋਇ ॥ (ਬਸੰਤ ੩ ॥)**

ਸਿੱਖ 'ਦੁਨੀ ਸੁਹਾਵਾ ਬਾਗ' ਮੰਨਕੇ ਇਹ ਵੀ ਭਰੋਸਾ ਰੱਖਦਾ ਹੈ 'ਇਹ ਜਗਵਾੜੀ ਮੇਰਾ ਪ੍ਰਭੂ ਮਾਲੀ' ਉਹ ਇਸ ਦਾ ਬਾਗਬਾਨ ਹੈ ਤੇ ਮੈਂ ਸੇਵਕ ਹੋਣ ਨਾਤੇ ਇਸ ਬਗੀਚੇ ਨੂੰ ਪ੍ਰਫੁਲਤ ਰੱਖਣ ਲਈ ਤਨੋਂ ਮਨੋਂ ਉੱਧਮ ਕਰਨਾ ਹੈ। ਭਾਈ ਨੰਦ ਨਾਲ ਨੇ ਇਹੋ ਸੰਦੇਸ਼ਾਂ ਦਿੱਤਾ ਹੈ ਕਿ ਸਾਵਧਾਨ ਹੋਵੋ ਕਿਉਂਕਿ ਬਹਾਰ ਤਾਂ ਆ ਹੀ ਗਈ, ਨਾਲ ਸਾਡਾ ਮਹਿਰਮ-ਯਾਰ ਵੀ ਦੀਦਾਰੇ ਦੇ ਰਿਹਾ ਹੈ। ਹੁਣ ਸਾਨੂੰ ਪੂਰੀ-ਪੂਰੀ ਸੰਤੁਸ਼ਟਤਾ ਹੈ।

**'ਬਹੋਸ਼ ਬਾਸ਼ ਕਿ ਹੰਗਾਮਾਏ ਨੌ-ਬਹਾਰ ਆਮਦ**
**ਬਹਾਰ ਆਮਦੋਂ ਯਾਰ ਆਮਦ, ਕਰਾਰ ਆਮਦ' (ਦੀਵਾਨਿ ਗੋਯਾ)**

ਇਹ ਬਹਾਰ ਦੀ ਆਮਦ ਖੈਰ-ਹੱਥੀ ਨਹੀਂ ਹੁੰਦੀ। ਹਰੀ-ਭਰੀ ਧਰਤੀ ਤੇ ਰੰਗੀਨ ਆਲਾ ਦੁਆਲਾ ਤੱਕ ਕੇ ਮਨੁੱਖ ਦਾ ਮਨ ਰੰਗਾਂ ਦੀ ਪਿਚਕਾਰੀ ਲੈ ਕੇ ਆਪਣੀ ਸਾਰੀ ਦੁਨੀਆਂ ਨੂੰ ਰੰਗਾਂ ਦੇ ਸਾਗਰ ਵਿੱਚ ਡਬੋਣ ਲਈ ਕਾਹਲਾ ਪੈਂ ਜਾਂਦਾ ਹੈ ਤੇ ਹੋਲੀ ਮੁਟਿਆਰ ਦਾ ਆਗਮਨ ਉਸ ਨੂੰ ਸਰਸ਼ਾਰ ਕਰਦਾ ਜਾਂਦਾ ਹੈ ,ਸੰਤ ਭਗਤ ਆਪਣੇ ਢੰਗ ਨਾਲ ਇਸ ਰੰਗਾਂ ਦੀ ਦੇਵੀ ਨੂੰ ਨਮਸਕਾਰ ਕਰਦੇ ਹਨ :

"ਹੋਲੀ ਕੀਨੀ ਸੰਤ ਸੇਵ, ਰੰਗੁ ਲਾਗਾ ਅਤਿ ਲਾਲਦੇਵ"

ਗੁਰੂ ਗੋਬਿੰਦ ਸਿੰਘ ਜੀ ਦੇਸ਼ ਭਰ ਵਿੱਚ ਇਨ੍ਹਾਂ ਰੰਗਾਂ ਦੀ ਟੋਕਾ ਟਾਕੀ ਦੇਖੀ ਤੇ ਨਾਲ ਹੀ ਗੁਲਾਮ ਮਨੁੱਖਤਾ ਦੀ ਤਰਸਯੋਗ ਝਾਕੀ ਵੀ ਧਿਆਨ ਵਿੱਚ ਲਿਆਂਦੀ। ਉਨ੍ਹਾਂ ਕਿਹਾ, 'ਹੁਣ ਇਸ ਰੰਗੀਨ ਕਾਕੀ' ਨੂੰ ਇਸਤਰੀ ਲਿੰਗ ਤੋਂ ਪੁਲਿੰਗ ਵਿੱਚ ਬਦਲੋ ਹੋਲੀ ਦਾ ਹੋਲਾ ਕਰੋ ਤਾਂ ਕਿ ਮਰਦਾਨਗੀ ਦੀ ਪ੍ਰਧਾਨਗੀ ਨਾਲ ਖਾਲਸਾ ਪੰਥ, ਬਲਵਾਨਗੀ ਦਾ ਪਰਦਰਸ਼ਨ ਕਰੇ। ਦੇਸ਼ ਨੂੰ ਇਸ ਦੀ ਲੋੜ ਹੈ ਇਹ ਗੱਲ ਚੇਤ ਵਦੀ ਏਕਮ 1757 ਦੀ ਬਿਕ੍ਰਮੀ ਦੀ ਹੈ , ਜਿਸ ਦਿਨ ਅੰਨਦਪੁਰ ਵਿੱਚ ਸਤਿਗੁਰਾਂ ਯੋਧੇ ਤੇ ਸੂਰਵੀਰਾਂ ਦੀਆਂ ਦੋ ਟੋਲੀਆਂ ਬਣਾ ਕੇ ਮਸਨੂਈ ਲੜਾਈ ਕਰਵਾਈ ਤੇ ਹੋਲਗੜ੍ਹ ਉਤੇ ਕਬਜਾ ਕਰਨ ਦੀ ਸ਼ਰਤ ਲਗਾਈ। ਇਹਨਾਂ ਵਿੱਚੋਂ ਜੋ ਦਲ ਹੱਲਾ ਕਰਕੇ ਦੂਜਿਆਂ ਨੂੰ ਪਰੇ ਹਟਾ ਕੇ ਗੜ੍ਹੀ ਤੇ ਜਾ ਬ੍ਰਿਜਾਨਮਾਨ ਹੋਇਆ ਉਹ ਜੇਤੂ ਕਰਾਰ ਦਿੱਤਾ ਗਿਆ ਤੇ ਉਸ ਨੂੰ ਹੋਲੇ ਮਹੱਲੇ ਦਾ ਅਵੱਲ ਇਨਾਮ ਮਿਲਿਆ। ਮਹੱਲਾ ਦਾ ਅਰਥ ਹੀ ਵਿਜਈ ਹੋ ਕੇ ਉਤਰਨਾ ਹੈ। ਇਉ ਗੁਰੂ ਸਾਹਿਬ ਇਸ ਨਾਜ਼ੁਕ ਰੰਗੀਨ ਤਿਉਹਾਰ ਨੂੰ ਯੋਧਿਆਂ,ਵਰਿਆਮਾਂ ਦਾ ਤਿਉਹਾਰ ਬਣਾ ਕੇ ਖਾਲਸਾ ਪੰਥ ਨੂੰ ਤਿਆਰ ਬਰ ਤਿਆਰ ਕੀਤਾ। ਇਹ ਉਨ੍ਹਾਂ ਦੀ ਕ੍ਰਾਂਤੀਕਾਰੀ ਸੋਚ ਦਾ ਕ੍ਰਿਸ਼ਮਾ ਸੀ ਜਿਸ ਦੁਆਰਾ ਉਨ੍ਹਾਂ ਪੁਰਾਣੀ ਹਾਰੀ-ਹੁੱਟੀ ਪਲੀਤ ਰੀਤ ਨੂੰ ਪੁਨੀਤ ਅਤੇ ਜਗਤ-ਜੀਤ ਬਣਾਕੇ ਦੇਸ਼ ਨੂੰ ਇਨਕਲਾਬ ਤੇ ਰਾਹ ਤੋਰਿਆ। ਕਵੀਆਂ ਇਸ ਦੇ ਬੜੇ ਗੁਣ ਗਾਏ। ਹੋਲੇ ਮਹੱਲੇ ਦਾ ਤਿਉਆਰ ਹਰ ਸਾਲ ਬੜੇ ਉਤਸਾਹ ਨਾਲ ਖਾਲਸਾਈ ਰਵਾਇਤਾਂ ਅਨੁਸਾਰ ਮਣਾਇਆ ਜਾਂਦਾ ਹੈ ਜਿਸ ਦੇ ਨਜ਼ਾਰੇ ਕੌਮ ਵਿੱਚ ਨਵਾਂ ਜੋਸ਼ ਭਰਦੇ ਹਨ, ਖਾਲਸਾ ਨਵਾਂ ਨਰੋਆ ਚੜ੍ਹਦੀਆਂ ਕਲਾਂ ਵਿੱਚ ਨਜ਼ਰ ਆਉਂਦਾ ਹੈ।

ਪ੍ਰਸੰਸਕ
ਚਮਨ ਸਿੰਘ 'ਚਮਨ'
ਮੁੱਖ ਸੰਪਾਦਕ

(1704-2004)

## ਸੱਚ-ਖੰਡ ਵਾਸੀ ਸ੍ਰੀਮਾਨ ਮਹੰਤ ਭਾਈ ਗੁਲਾਬ ਸਿੰਘ ਜੀ 'ਸੇਵਾ ਪੰਥੀ' ਦੀ

## 53ਵੀਂ ਬਰਸੀ ਸੰਬੰਧੀ ਪ੍ਰਚਾਰ ਪ੍ਰੋਗਰਾਮ (ਸੰਤ ਕਾਹਨ ਸਿੰਘ ਜੀ)

### ਮਿਤੀ 14 ਮਾਰਚ ਤੋਂ 4 ਅਪ੍ਰੈਲ (1 ਚੇਤਰ ਤੋਂ 22 ਚੇਤਰ) 2003 ਤੱਕ

| | | |
|---|---|---|
| 14-3-2003 | ਨਰਾਇਣਗੜ੍ਹ (ਹਰਿ:) | ਪਹੁੰਚ ਤੇ ਦੀਵਾਨ ਰਾਤ, ਸ: ਨਰਿੰਦਰਪਾਲ ਸਿੰਘ ਦੇ ਗ੍ਰਹਿ ਵਿਖੇ, Ph.284131 |
| 15-3-2003 | ਨਰਾਇਣਗੜ੍ਹ (ਹਰਿ:) | ਪਾਠ ਸਮਾਪਤੀ ਤੇ ਯੱਗ ਸਮਾਗਮ, ਸ: ਸਤਨਾਮ ਸਿੰਘ ਦੇ ਗ੍ਰਹਿ ਵਿਖੇ Ph.285804 |
| 15-3-2003 | ਪਹਾੜੀਪੁਰ (ਅੰਬਾਲਾ) | ਪਹੁੰਚ ਤੇ ਦੀਵਾਨ ਰਾਤ , ਗੁਰਦੁਆਰਾ ਸਾਹਿਬ। |
| 16-3-2003 | ਪਹਾੜੀਪੁਰ (ਅੰਬਾਲਾ) | ਪਾਠ ਸਮਾਪਤੀ ਤੇ ਯੱਗ ਸਮਾਗਮ |
| 16-3-2003 | ਸੰਢੋਰਾ (ਯਮੁਨਾ ਨਗਰ) | ਪਹੁੰਚ ਤੇ ਦੀਵਾਨ ਰਾਤ , ਸ੍ਰ. ਭਗਵਾਨ ਸਿੰਘ ਦੇ ਗ੍ਰਹਿ। |
| 17-3-2003 | ਫਿਰੋਜਪੁਰ (ਯਮੁਨਾ ਨਗਰ) | ਪਾਠ ਸਮਾਪਤੀ ਤੇ ਯੱਗ ਸਮਾਗਮ |
| 17-3-2003 | ਨਿਆਰਸੀ (ਅੰਬਾਲਾ) | ਪਹੁੰਚ ਤੇ ਦੀਵਾਨ ਰਾਤ , ਗੁਰਦੁਆਰਾ ਸਾਹਿਬ। |
| 18-3-2003 | ਨਿਆਰਸੀ (ਅੰਬਾਲਾ) | ਪਾਠ ਸਮਾਪਤੀ ਤੇ ਯੱਗ ਸਮਾਗਮ, ਸ: ਜਗਮੋਹਨ ਸਿੰਘ Ph.858110 (R) |
| 20-3-2003 | ਭੀਲ ਛੱਪਰ (ਯ: ਨ:) | ਪਾਠ ਸਮਾਪਤੀ ਤੇ ਯੱਗ ਸਮਾਗਮ, ਸ: ਅਜੈਬ ਸਿੰਘ Ph.273348 (R) |
| 20-3-2003 | ਸ਼ਾਹਬਾਦ (ਹਰਿ:) | ਪਹੁੰਚ ਤੇ ਦੀਵਾਨ ਰਾਤ, ਸ: ਸਤਵਿੰਦਰ ਸਿੰਘ Ph.240310 (R) |
| 21-3-2003 | ਜਗੌਲੀ (ਅੰਬਾਲਾ) | ਪਾਠ ਸਮਾਮਤੀ ਤੇ ਯੱਗ ਸਮਾਗਮ, ਸ: ਮਹਿੰਦਰ ਸਿੰਘ Ph.852139 (R) |
| 21-3-2003 | ਉਦੇਪੁਰ (ਅੰਬਾਲਾ) | ਪਹੁੰਚ ਤੇ ਦੀਵਾਨ ਰਾਤ, Ph.232228 |
| 22-3-2003 | ਅੰਬਾਲਾ ਸ਼ਹਿਰ (ਹਰਿ:) | ਪਾਠ ਸਮਾਪਤੀ, ਸ: ਬਲਵੰਤ ਸਿੰਘ ਮੱਕੜ, Ph.2556193 |
| 22-3-2003 | ਨੱਗਲ (ਅੰਬਾਲਾ) | ਪਹੁੰਚ ਤੇ ਦੀਵਾਨ ਰਾਤ , ਗੁਰਦੁਆਰਾ ਸਾਹਿਬ |
| 23-3-2003 | ਨੱਗਲ (ਅੰਬਾਲਾ) | ਪਾਠ ਸਮਾਮਤੀ ਤੇ ਯੱਗ-ਸਮਾਗਮ, Ph.2855008 (R) |
| 23-3-2003 | ਮਟੇੜੀ (ਅੰਬਾਲਾ) | ਪਹੁੰਚ ਤੇ ਦੀਵਾਨ ਰਾਤ , ਸ: ਗੁਰਬਖਸ਼ ਸਿੰਘ |
| 24-3-2003 | ਗੌਰਸੀਆਂ (ਅੰਬਾਲਾ) | ਪਾਠ ਸਮਾਮਤੀ ਤੇ ਯੱਗ-ਸਮਾਗਮ, ਗੁਰਦੁਆਰਾ ਸਾਹਿਬ |
| 24-3-2003 | ਸਹਾਰਨਪੁਰ | ਪਹੁੰਚ ਤੇ ਦੀਵਾਨ ਰਾਤ, ਗੁਰਦੁਆਰਾ ਭਾਈ ਜਗਤਾ ਜੀ ਸਾਹਿਬ ਨਵੀਨ ਨਗਰ, ਦਿੱਲੀ ਰੋਡ। |

## ਇਹ ਭੀ ਅਪਨੋ ਪੰਥ ਪ੍ਰਕਾਸ਼ੈ ॥

| | | |
|---|---|---|
| 25-3-2003 | ਸਹਾਰਨਪੁਰ | ਪਾਠ ਸਮਾਪਤੀ ਤੇ ਯੱਗ ਸਮਾਗਮ |
| 25-3-2003 | ਕਰੇੜਾ (ਯ: ਨ:) | ਪਹੁੰਚ ਤੇ ਦੀਵਾਨ ਰਾਤ , ਗੁਰਦੁਆਰਾ ਸਾਹਿਬ Ph.281209 |
| 26-3-2003 | ਕਰੇੜਾ (ਯ: ਨ:) | ਪਾਠ ਸਮਾਪਤੀ ਤੇ ਯੱਗ ਸਮਾਗਮ |
| 26-3-2003 | ਮੁਸਤਫਾਬਾਦ (ਹਰਿ:) | ਪਹੁੰਚ ਤੇ ਦੀਵਾਨ ਰਾਤ , ਸ: ਰਣਜੀਤ ਸਿੰਘ ਦੇ ਗ੍ਰਹਿ ਵਿਖੇ Ph. 286150 |
| 27-3-2003 | ਮੁਸਤਫਾਬਾਦ (ਹਰਿ:) | ਪਾਠ ਸਮਾਪਤੀ ਤੇ ਯੱਗ ਸਮਾਗਮ |
| 27-3-2003 | ਸਹਿਜਾਦਪੁਰ (ਅੰਬਾਲਾ) | ਪਹੁੰਚ ਤੇ ਦੀਵਾਨ ਰਾਤ ਸ: ਪ੍ਰੇਮ ਸਿੰਘ ਦੇ ਗ੍ਰਹਿ ਵਿਖੇ Ph. 277283 |
| 28-3-2003 | ਦੁਰਗਾ ਨਗਰ (ਅੰਬਾਲਾ) | ਪਾਠ ਸਮਾਪਤੀ ਤੇ ਯੱਗ ਸਮਾਗਮ , ਸ੍ਰ ਸ਼ੇਰ ਸਿੰਘ ਨਾਗਪਾਲ , ਹਿਸਾਰ ਰੋਡ। |
| 28-3-2003 | ਸ਼ਕਤੀ ਨਗਰ (ਅੰਬਾਲਾ) | ਪਹੁੰਚ ਤੇ ਦੀਵਾਨ ਰਾਤ , ਸ੍ਰ ਮਿਹਰ ਸਿੰਘ , |
| 29-3-2003 | ਸ਼ਕਤੀ ਨਗਰ (ਅੰਬਾਲਾ) | ਪਾਠ ਸਮਾਪਤੀ ਤੇ ਯੱਗ ਸਮਾਗਮ , ਸ੍ਰ ਮਿਹਰ ਸਿੰਘ |
| 29-3-2003 | ਦੁਰਗਾ ਨਗਰ (ਅੰਬਾਲਾ) | ਦੀਵਾਨ ਰਾਤ, ਗੁਰਦੁਆਰਾ ਸਾਹਿਬ। |
| 30-3-2003 | ਦੁਰਗਾ ਨਗਰ (ਅੰਬਾਲਾ) | ਪਾਠ ਸਮਾਪਤੀ ਤੇ ਯੱਗ ਸਮਾਗਮ ਸ੍ਰ: ਅਮਰੀਕ ਸਿੰਘ Ph.2531866 (R) |
| 30-3-2003 | ਡੇਰਾਬਸੀ ਪਟਿਆਲਾ | ਪਹੁੰਚ ਤੇ ਦੀਵਾਨ ਰਾਤ, ਗੁਰਦੁਆਰਾ ਸਾਹਿਬ Ph.233086 (R) |
| 31-3-2003 | ਡੇਰਾਬਸੀ ਪਟਿਆਲਾ | ਪਾਠ ਸਮਾਪਤੀ ਤੇ ਯੱਗ ਸਮਾਗਮ ਗੁਰਦੁਆਰਾ ਸਾਹਿਬ |
| 31-3-2003 | ਮੁੰਡੀ ਖਰੜ (ਰੋਪੜ) | ਪਹੁੰਚ ਤੇ ਦੀਵਾਨ ਰਾਤ, ਸ: ਭਗਵਾਨ ਸਿੰਘ ਤੇ ਸੁਰਜੀਤ ਸਿੰਘ ਦੇ ਗ੍ਰਹਿ Ph.248589 |
| 1-4-2003 | ਮੁੰਡੀ ਖਰੜ (ਰੋਪੜ) | ਪਾਠ ਸਮਾਪਤੀ ਤੇ ਯੱਗ ਸਮਾਗਮ |
| 1-4-2003 | ਮਾਛੀਵਾੜਾ (ਲੁਧਿ:) | ਪਹੁੰਚ ਤੇ ਦੀਵਾਨ ਰਾਤ, ਡੇਰਾ ਮਹੰਤ ਗੁਲਾਬ ਸਿੰਘ |
| 2-4-2003 | ਮਾਛੀਵਾੜਾ (ਲੁਧਿ:) | ਪਾਠ ਸਮਾਪਤੀ ਤੇ ਯੱਗ ਸਮਾਗਮ |
| 3-4-2003 | ਚੱਕੀ (ਮਾਛੀਵਾੜਾ) | ਪਾਠ ਸਮਾਪਤੀ ਤੇ ਯੱਗ ਸਮਾਗਮ, ਗੁ: ਸਾਹਿਬ ! |
| 4-4-2003 | ਮਿੱਠੇਵਾਲ (ਮਾਛੀਵਾੜਾ) | ਪਾਠ ਸਮਾਪਤੀ ਤੇ ਯੱਗ ਸਮਾਗਮ , ਗੁ: ਸਾਹਿਬ । |
| 6-4-2003 | ਕਪੂਰਥਲਾ | ਕੀਰਤਨ ਤੇ ਅੰਮ੍ਰਿਤ-ਸੰਚਾਰ , (ਸਮਾਂ-10ਤੋਂ 2 ਵਜੇ ਤੱਕ) ਸ੍ਰੀ ਗੁਰੂ ਕਲਗੀਧਰ ਸਭਾ, ਗੁ: ਦੇਵੀ ਤਲਾਬ ਸ: ਰਵਿੰਦਰ ਸਿੰਘ 'ਸਰਨਾ' Ph.230477 |

## ਪ੍ਰੋਗਰਾਮ ਪ੍ਰਚਾਰ-ਯਾਤਰਾ ਮਾਰਚ/ਅਪ੍ਰੈਲ 2003

### ਸ਼੍ਰੀਮਾਨ 108 ਮਹੰਤ ਤੀਰਥ ਸਿੰਘ ਜੀ 'ਸੇਵਾ ਪੰਥੀ'

ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)
ਐਸ.ਟੀ.ਡੀ. : 0164 ਫ਼ੋਨ : 2262012, 2262051 ਫੈਕਸ : 2262657
ਮੋਬਾਇਲ : 98140-32957

| ਮਿਤੀ | ਨਗਰ | ਪਤਾ ਤੇ ਪ੍ਰੋਗਰਾਮ |
|---|---|---|
| 2-3-2003 | ਨਵੀਂ ਦਿੱਲੀ | ਜਨਮ-ਦਿਵਸ<br>ਜਸਟਿਸ ਸ: ਗੋਪਾਲ ਸਿੰਘ ਜੀ<br>ਵੱਲੋਂ ਜਸਟਿਸ ਗੋਪਾਲ ਸਿੰਘ<br>ਚੈਰੀਟੇਬਲ ਟ੍ਰਸਟ A-10, ਨੀਤੀ ਬਾਗ,<br>Ph.26523120 Mob.9810102997 |
| 6-3-2003 | ਜੈਪੁਰ | ਪਹੁੰਚ ਰਾਤ,<br>ਸ: ਜਸਬੀਰ ਸਿੰਘ (ਓਂਕਾਰ ਟਰਾਂਸਪੋਰਟ,)<br>ਸਿੰਧੀ ਕਾਲੋਨੀ, ਰਾਜਾ ਪਾਰਕ<br>Ph. 640702,640993<br>Mob.98280-11407 |
| 7-3-2003 | ਜੈਪੁਰ | ਪਾਠ-ਸਮਾਪਤੀ,<br>ਸ:ਜਸਬੀਰ ਸਿੰਘ (ਓਂਕਾਰ ਟਰਾਂਸਪੋਰਟ,) |
| 8-3-2003 | ਜੈਪੁਰ | ਪਾਠ-ਸਮਾਪਤੀ,<br>ਸ: ਸਤਿਨਾਮ ਸਿੰਘ ਦੇ ਗ੍ਰਹਿ ਵਿਖੇ,<br>Ph. 2650061 |
| 9-3-2003 | ਜੈਪੁਰ | ਅਨੰਦ ਕਾਰਜ, (ਗੁ : ਜਵਾਹਰ ਨਗਰ)<br>ਹਰਪ੍ਰੀਤ ਸਿੰਘ ਪੁੱਤਰ ਸ: ਸਤਿਨਾਮ ਸਿੰਘ<br>Ph. 2650061,2622328<br>Mob.9829188698 |
| 10-3-2003 | ਕਾਸ਼ੀਪੁਰ<br>ਜ਼ਿਲ੍ਹਾ-ਊਧਮ ਸਿੰਘ ਨਗਰ,<br>(ਉਤਰਾਂਚਲ) | ਪਹੁੰਚ (ਰਾਤ)<br>ਸ:ਹਰਭਜਨ ਸਿੰਘ ਗੋਗੀਆ ਪੁੱਤਰ<br>ਸ: ਸਾਧਾ ਸਿੰਘ ਗੋਗੀਆ<br>ਸ: ਸਰੂਪ ਸਿੰਘ ਗੋਗੀਆ,<br>Ph. 05947 - 77143,78297,78152<br>Ph.0591-250054 (ਚਤਰਪੁਰ) |

| | | |
|---|---|---|
| 11-3-2003 | ਕਾਸ਼ੀਪੁਰ<br>ਜਿਲ੍ਹਾ-ਊਧਮ ਸਿੰਘ ਨਗਰ<br>(ਉਤਰਾਂਚਲ) | ਪਾਠ-ਸਮਾਪਤੀ<br>ਸ: ਹਰਭਜਨ ਸਿੰਘ ਗੋਰੀਆ ਪੁੱਤਰ<br>ਸ: ਸਾਧਾ ਸਿੰਘ ਗੋਰੀਆ ਦੇ ਗ੍ਰਹਿ ਵਿਖੇ |
| 13-3-2003 | ਗੋਨਿਆਣਾ | ਸਲਾਨਾ ਕਨਵੋਕੇਸ਼ਨ,<br>ਭਾਈ ਆਸਾ ਸਿੰਘ ਗਰਲਜ਼ ਕਾਲਜ,<br>Ph. 2262505 |

14-3-2003 ਗੋਨਿਆਣਾ ਭਾਈ ਜਗਤਾ ਵਿੱਖੇ ਸੰਗਰਾਂਦ ਦਾ ਮਾਸਿਕ ਸਮਾਗਮ

| | | |
|---|---|---|
| 17-3-2003 ਤੋਂ<br>19-3-2003ਤੱਕ | ਯਮੁਨਾਨਗਰ (ਹਰਿ:) | ਸਮਾਗਮ, ਹੋਲਾ-ਮਹੱਲਾ ,<br>ਗੁਰਦੁਆਰਾ ਥੜਾ ਸਾਹਿਬ<br>ਮਹੰਤ ਕਰਮਜੀਤ ਸਿੰਘ, ਜੌੜੀਆਂ,<br>Ph. 251468,279913,279713 |
| 20-3-2003 | ਗੁੜਗਾਉਂ | ਪਾਠ ਸਮਾਪਤੀ,<br>ਸ: ਬਹਾਦਰ ਸਿੰਘ, ਸਤਨਾਮ ਕੌਰ ,<br>Ph.2331569,Mob.98103 52652 |
| 27-3-2003 | ਮੁਸਤਫਾਬਾਦ<br>ਯਮੁਨਾਨਗਰ (ਹਰਿ:) | ਪਾਠ-ਸਮਾਪਤੀ, ਸਮਾਗਮ<br>ਸ: ਰਣਜੀਤ ਸਿੰਘ ਦੇ ਗ੍ਰਹਿ ,<br>Ph. 3786150 |
| 28-3-2003 | ਊਨਾ ਸਾਹਿਬ<br>(ਹਿਮਾਚਲ ਪ੍ਰਦੇਸ਼) | ਸਮਾਗਮ<br>ਬਾਬਾ ਸਰਬਜੋਤ ਸਿੰਘ ਬੇਦੀ, |
| 30-3-2003 | ਲੁਧਿਆਣਾ | ਸਮਾਗਮ, (ਰਾਤ)<br>ਸ: ਗੁਰਿੰਦਰ ਸਿੰਘ ਨਾਗਪਾਲ,<br>ਮਾਡਲ ਹਾਉਸ<br>Ph.429389 |
| 30-3-2003 | ਲੁਧਿਆਣਾ | ਸਮਾਗਮ,<br>ਭਾਈ ਘਨੱਈਆ ਚੈਰੀਟੇਬਲ ਹਸਪਤਾਲ<br>ਹੰਬੜਾ ਰੋਡ । |
| 31-3-2003 | ਮਾਛੀਵਾੜਾ (ਲੁਧਿਆਣਾ) | ਪਹੁੰਚ ਤੇ ਦੀਵਾਨ ਰਾਤ,<br>ਡੇਰਾ ਮਹੰਤ ਗੁਲਾਬ ਸਿੰਘ ਜੀ, |
| 2-4-2003 | ਮਾਛੀਵਾੜਾ (ਲੁਧਿਆਣਾ) | ਪਾਠ ਸਮਾਪਤੀ ਤੇ ਯੱਗ-ਸਮਾਗਮ<br>ਡੇਰਾ ਮਹੰਤ ਗੁਲਾਬ ਸਿੰਘ ਜੀ,<br>(ਸੰਤ ਹਰੀ ਸਿੰਘ ਜੀ ਦੀ ਯਾਦ ਵਿੱਚ )<br>Ph.250142 |

੧ੴ ਸਤਿਗੁਰ ਪ੍ਰਸਾਦਿ ॥

# ਗੁਰੂ ਅੰਗਦ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਪੁਰਬ ਬਾਰੇ

**ਸਿੱਖ ਪੰਥ ਦੇ ਬਾਨੀ ਨਿਰੰਕਾਰੀ ਜੋਤ**, ਮਨੁੱਖਤਾ ਦੇ ਮਸੀਹਾ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੂਜੀ ਜੋਤ ਸ੍ਰੀ ਗੁਰੂ ਅੰਗਦ ਦੇਵ ਜੀ, ਜਿਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਸਰਬੱਤ ਦੇ ਭਲੇ ਦੀ ਜੋਤ ਨੂੰ ਜਗਾਈ ਰੱਖਿਆ। ਉਨ੍ਹਾਂ ਦਾ 500 ਸਾਲਾ ਪ੍ਰਕਾਸ਼ ਗੁਰਪੁਰਬ 20 ਅਪ੍ਰੈਲ 2004 ਨੂੰ ਆ ਰਿਹਾ ਹੈ। ਐਸੇ ਮਹਾਨ ਪਰਉਪਕਾਰੀ ਦਾ 500 ਸਾਲਾ ਪ੍ਰਕਾਸ਼ ਪੁਰਬ ਪੂਰੇ ਉਤਸ਼ਾਹ ਪਿਆਰ ਤੇ ਸਿਦਕ ਦੇ ਨਾਲ ਮਨਾਉਣ ਲਈ ਵੱਡੀ ਪੱਧਰ ਤੇ ਉਪਰਾਲੇ ਕੀਤੇ ਜਾ ਰਹੇ ਹਨ। ਜਿਨਾਂ ਰਾਹੀਂ ਗੁਰੂ ਸਾਹਿਬ ਦੇ ਦਰਸਾਏ ਮਾਰਗ ਨੂੰ ਮਨੁਖਤਾ ਦੇ ਕਲਿਆਣ ਤੇ ਸਰਬੱਤ ਦੇ ਭਲੇ ਲਈ ਹੋਰ ਭੀ ਲਾਭਕਾਰੀ ਬਣਾਇਆ ਜਾ ਸਕੇ।

500 ਸਾਲਾ ਗੁਰਪੁਰਬ ਦੇ ਸੰਬੰਧ ਵਿਚ ਸਾਲ ਭਰ ਚੱਲਣ ਵਾਲੇ ਸਮਾਗਮਾਂ ਦਾ ਸ਼ੁਭ ਆਰੰਭ ਗੁ: ਦਰਬਾਰ ਸ੍ਰੀ ਗੁਰੂ ਅੰਗਦ ਸਾਹਿਬ ਪਟਿਆਲਾ ਵਿਖੇ 19 ਜਨਵਰੀ 2003 ਨੂੰ ਕੀਤਾ ਗਿਆ।

ਇਸ ਆਰੰਭਤਾ ਸਮਾਗਮ ਵਿੱਚ ਗੁਰੂ ਅੰਗਦ ਦੇਵ ਜੀ ਦੇ ਜਨਮ ਅਸਥਾਨ ਸਰਾਏ ਨਾਗਾ (ਜਿਲ੍ਹਾ ਮੁਕਤਸਰ) ਦੇ ਮੁੱਖ ਪ੍ਰਬੰਧਕ ਤੇ ਜਥੇਦਾਰ ਕਾਰ ਸੇਵਾ ਸੰਤ ਬਾਬਾ ਸੁਰਿੰਦਰ ਹਰੀ ਸਿੰਘ ਜੀ, ਗੁਰਤਾ ਗੱਦੀ ਉਪਰੰਤ ਜਿਸ ਖਡੂਰ ਸਾਹਿਬ ਵਿਚ ਪਾਤਸ਼ਾਹ ਨੇ ਰਹਿੰਦਾ ਸੰਸਾਰੀ ਸਮਾਂ ਬਿਤਾਇਆ। ਉਥੋਂ ਦੇ ਮੁੱਖ ਪ੍ਰਬੰਧਕ ਤੇ ਜਥੇਦਾਰ ਕਾਰ ਸੇਵਾ ਸੰਤ ਬਾਬਾ ਸੇਵਾ ਸਿੰਘ ਜੀ ਵੱਲੋਂ ਸੰਤ ਬਾਬਾ ਲੱਖਾ ਸਿੰਘ ਜੀ, ਸਿੱਖ ਪੰਥ ਦੇ ਮਹਾਨ ਤੇ ਨਿਸ਼ਕਾਮ ਕਰਿਤਨੀਏ ਭਾਈ ਸਾਹਿਬ ਗੁਰਇਕਬਾਲ ਸਿੰਘ ਜੀ, ਸੰਤ ਗੁਰ ਹਰਕਿਰਪਾਲ ਸਿੰਘ ਜੀ ਜਲੰਧਰ ਵਾਲੇ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਇਨ੍ਹਾਂ ਤੋਂ ਇਲਾਵਾ ਪੰਥ ਦੇ ਪ੍ਰਸਿੱਧ ਰਾਗੀ ਜੱਥੇ, ਵਿਦਵਾਨ ਤੇ ਕਥਾਵਾਚਕ ਪਹੁੰਚੇ। ਜਿਨ੍ਹਾਂ ਨੇ ਗੁਰੂ ਸਾਹਿਬ ਦੇ ਜੀਵਨ ਤੇ ਉਨ੍ਹਾਂ ਦੇ ਕੀਤੇ ਸਰਬੱਤ ਦੇ ਭਲੇ ਦੇ ਕਾਰਜਾਂ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ।

ਗੁਰੂ ਅੰਗਦ ਸਾਹਿਬ ਦੀ ਬੰਸ ਦੇ 14ਵੀਂ ਪੀੜ੍ਹੀ ਦੇ ਗੁਰੂ ਅੰਸ਼ ਬਾਵਾ ਤੇਜਬਾਨ ਸਿੰਘ, ਬਾਵਾ ਗੁਰਿੰਦਰ ਸਿੰਘ, ਬਾਵਾ ਅਵਤਾਰ ਸਿੰਘ, ਬਾਵਾ ਹਰਭਜਨ ਸਿੰਘ ਨੇ ਇਸ ਸਮਾਗਮ ਦੀ ਸਫਲਤਾ ਲਈ ਪੂਰੇ ਯਤਨ ਕੀਤੇ।

ਸੰਤ ਮਹਾਪੁਰਸ਼ਾਂ ਤੇ ਗੁਰੂ ਸਾਹਿਬ ਦੀ ਅੰਸ਼ ਨੂੰ 500 ਸਾਲਾ ਪ੍ਰਕਾਸ਼ ਨੂੰ ਪੁਰਬ ਨੂੰ ਵਿਸ਼ੇਸ਼ ਢੰਗ ਨਾਲ ਮਨਾਉਣ ਦਾ ਸਾਂਝਾ ਪ੍ਰੋਗਰਾਮ ਬਣਾ ਕੇ ਚਲਾਣ ਦਾ ਨਿਰਣਾ ਲਿਆ, ਨਾਲ ਹੀ ਐਸ ਜੀ ਪੀ ਸੀ ਨੂੰ ਵੀ ਸਾਰਾ ਉਪਰਾਲਾ ਕਰਨ ਲਈ ਲਿਖਿਆ ਗਿਆ।

ਸਰਬੱਤ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਦੇ ਚਰਨਾਂ ਵਿਚ ਸਨਿਮਰ ਅਪੀਲ ਕਰਦੇ ਹਾਂ ਜੋ ਜਿਵੇਂ ਹੁਣ ਤੱਕ ਗੁਰੂ ਗੋਬਿੰਦ ਸਿੰਘ ਜੀ ਦਾ 300 ਸਾਲਾ ਪ੍ਰਕਾਸ਼ ਪੁਰਬ, ਗੁਰੂ ਨਾਨਕ ਦੇਵ ਜੀ ਦਾ 500 ਪ੍ਰਕਾਸ਼ ਪੁਰਬ, ਗੁਰੂ ਹਰਿਗੋਬਿੰਦ ਸਾਹਿਬ ਦਾ 400 ਸਾਲਾ ਪ੍ਰਕਾਸ਼ ਪੁਰਬ, ਗੁਰੂ ਤੇਗ ਬਹਾਦਰ ਜੀ ਦਾ 300 ਸਾਲਾ ਸ਼ਹੀਦੀ ਪੁਰਬ, ਹਰਿਮੰਦਰ ਸਾਹਿਬ ਦਾ 400 ਸਾਲਾ ਸਥਾਪਨਾ ਦਿਵਸ ਤੇ ਖਾਲਸਾ ਪੰਥ ਦਾ 300 ਸਾਲਾ ਸਾਜਨਾ ਦਿਵਸ ਮਨਾਇਆ ਹੈ। ਉਸੇ ਤਰ੍ਹਾਂ ਉਤਸ਼ਾਹ ਤੇ ਪ੍ਰੇਮ ਨਾਲ ਗੁਰੂ ਨਾਨਕ ਦੇਵ ਦੀ ਦੂਜੀ ਜੋਤ ਸ੍ਰੀ ਗੁਰੂ ਅੰਗਦ ਦੇਵ ਜੀ ਦਾ 500 ਸਾਲਾ ਪ੍ਰਕਾਸ਼ ਪੁਰਬ ਵੀ ਪੂਰੇ ਉਤਸਾਹ ਨਾਲ ਮਨਾਇਆ ਜਾਵੇ। ਉਨ੍ਹਾਂ ਦੇ ਦਰਸਾਏ ਮਾਰਗ ਤੇ ਚੱਲਕੇ ਮਨੁੱਖਤਾ ਦੇ ਕਲਿਆਣ ਲਈ ਕੀਤੇ ਉਨ੍ਹਾਂ ਦੇ ਉਪਰਾਲਿਆਂ ਨੂੰ ਹੋਰ ਅੱਗੇ ਵਧਾ ਕੇ ਪਾਤਸਾਹ ਦੀਆਂ ਖੁਸ਼ੀਆਂ ਲਈਆਂ ਜਾਣ।

ਗੁਰੂ ਪੰਥ ਦਾ ਦਾਸ
**(ਬਾਵਾ) ਤੇਜਭਾਨ ਸਿੰਘ**
ਗੁਰਦੁਆਰਾ ਦਰਬਾਰ ਸ੍ਰੀ ਗੁਰੂ ਅੰਗਦ ਸਾਹਿਬ ਜੀ
ਸਰਹੰਦੀ ਗੇਟ, ਪਟਿਆਲਾ (ਪੰਜਾਬ)

ਲੜੀਵਾਰ ਕਥਾ

# ਸੁਖ਼ਮਨੀ ਸਾਹਿਬ

- ਤੀਰਥ ਸਿੰਘ 'ਸੇਵਾ ਪੰਥੀ'

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ ।

ਬ੍ਰਹਮ ਗਿਆਨੀ ਕੀ ਕੀਮਤਿ ਨਾਹਿ ॥
ਬ੍ਰਹਮ ਗਿਆਨੀ ਕੈ ਸਗਲ ਮਨ ਮਾਹਿ ॥
ਬ੍ਰਹਮ ਗਿਆਨੀ ਕਾ ਕਉਨ ਜਾਨੈ ਭੇਦੁ ॥
ਬ੍ਰਹਮ ਗਿਆਨੀ ਕਉ ਸਦਾ ਅਦੇਸੁ ॥
ਬ੍ਰਹਮ ਗਿਆਨੀ ਕਾ ਕਥਿਆ ਨ ਜਾਇ ਅਧਾਖਰੁ ॥
ਬ੍ਰਹਮ ਗਿਆਨੀ ਸਰਬ ਕਾ ਠਾਕੁਰੁ ॥
ਬ੍ਰਹਮ ਗਿਆਨੀ ਕੀ ਮਿਤਿ ਕਉਨੁ ਬਖਾਨੈ ॥
ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ ॥
ਬ੍ਰਹਮ ਗਿਆਨੀ ਕਾ ਅੰਤੁ ਨ ਪਾਰੁ ॥
ਨਾਨਕ ਬ੍ਰਹਮ ਗਿਆਨੀ ਕਉ ਸਦਾ ਨਮਸਕਾਰ ॥੭॥

**ਬ੍ਰਹਮ ਗਿਆਨੀ ਕੀ ਕੀਮਤਿ ਨਾਹਿ ॥**
**ਬ੍ਰਹਮ ਗਿਆਨੀ ਕੈ ਸਗਲ ਮਨ ਮਾਹਿ ॥**

**ਅਰਥ** :- ਗੁਰੂ ਜੀ ਫੁਰਮਾਉਂਦੇ ਹਨ ਕਿ ਪਰਮੇਸ਼ਵਰ ਰੂਪ ਹੋਣ ਕਰਕੇ ਬ੍ਰਹਮ ਗਿਆਨੀ ਦੀ ਕੀਮਤ ਨਹੀ ਪੈ ਸਕਦੀ। ਬ੍ਰਹਮ ਗਿਆਨੀ ਦੇ ਮਨ ਵਿੱਚ ਸਾਰਾ ਸੰਸਾਰ ਕਲਪਤ ਰੂਪ ਵਿੱਚ ਹੈ, ਭਾਵ ਬ੍ਰਹਮ ਗਿਆਨੀ ਦੇ ਮਨ ਵਿੱਚ ਅਨੇਕਾਂ ਸ਼ੁੱਭ ਗੁਣ ਵਾਸ ਕਰਦੇ ਹਨ।

**ਬ੍ਰਹਮ ਗਿਆਨੀ ਕਾ ਕਉਨ ਜਾਨੈ ਭੇਦੁ ॥**
**ਬ੍ਰਹਮ ਗਿਆਨੀ ਕਉ ਸਦਾ ਅਦੇਸੁ ॥**

**ਅਰਥ** :- ਬ੍ਰਹਮ ਗਿਆਨੀ ਦਾ ਭੇਦ ਕੌਣ ਜਾਣ ਸਕਦਾ ਹੈ ? ਭਾਵ ਕੋਈ ਨਹੀ ਜਾਣ ਸਕਦਾ। ਇਸ ਲਈ ਬ੍ਰਹਮ ਗਿਆਨੀ ਨੂੰ ਸਦਾ **ਅਦੇਸੁ** -ਨਮਸਕਾਰ ਕਰਨੀ ਚਾਹੀਦੀ ਹੈ। (ਮਹਿਮਾ ਨਾ ਜਾਨਹਿ ਬੇਦ ॥ ਬ੍ਰਹਮੇ ਨਹੀ ਜਾਨਹਿ ਭੇਦ ॥)

**ਬ੍ਰਹਮ ਗਿਆਨੀ ਕਾ ਕਥਿਆ ਨ ਜਾਇ ਅਧਾਖਰੁ ॥**
**ਬ੍ਰਹਮ ਗਿਆਨੀ ਸਰਬ ਕਾ ਠਾਕੁਰੁ ॥**

**ਅਰਥ** :- **ਬ੍ਰਹਮ ਗਿਆਨੀ** 'ਪੂਰਾ ਪਦ' ਹੈ ਇਸ ਦਾ ਅੱਧਾ ਅੱਖਰ ਜੋ ਬ੍ਰਹਮ ਹੈ ਉਹ ਵੀ ਨਹੀ ਆਖਿਆ ਜਾ ਸਕਦਾ ਭਾਵ ਥੋੜੀ ਮਹਿਮਾ ਵੀ ਨਹੀਂ ਕਹੀ ਜਾ ਸਕਦੀ। ਬ੍ਰਹਮ ਗਿਆਨੀ ਸਾਰਿਆਂ ਦਾ **ਠਾਕੁਰ**-ਸੁਆਮੀ ਹੈ।

**ਬ੍ਰਹਮ ਗਿਆਨੀ ਕੀ ਮਿਤਿ ਕਉਨੁ ਬਖਾਨੈ ॥**
**ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ ॥**

**ਅਰਥ** :- ਬ੍ਰਹਮ ਗਿਆਨੀ ਦੀ **ਮਿਤਿ**-ਮਰਿਆਦਾ **ਕਉਣ**-ਕੌਣ ਆਖ ਸਕਦਾ ਹੈ। ਬ੍ਰਹਮ ਗਿਆਨੀ ਦੀ ਗਤੀ ਨੂੰ ਬ੍ਰਹਮ ਗਿਆਨੀ ਹੀ ਜਾਣ ਸਕਦਾ ਹੈ।

**ਬ੍ਰਹਮ ਗਿਆਨੀ ਕਾ ਅੰਤੁ ਨ ਪਾਰੁ ॥**
**ਨਾਨਕ ਬ੍ਰਹਮ ਗਿਆਨੀ ਕਉ ਸਦਾ ਨਮਸਕਾਰ ॥੭॥**

**ਅਰਥ** :- ਬ੍ਰਹਮ ਗਿਆਨੀ ਦੇ ਪਾਰਾਵਾਰ ਦਾ ਅੰਤ ਨਹੀਂ ਪਾਇਆ ਜਾ ਸਕਦਾ। ਗੁਰੂ ਜੀ ਫੁਰਮਾਉਂਦੇ ਹਨ ਕਿ ਅਸੀ ਬ੍ਰਹਮ ਗਿਆਨੀ ਨੂੰ ਸਦਾ ਨਮਸਕਾਰ ਕਰਦੇ ਹਾਂ!

(ਚਲਦਾ ....)

# ਸਾਖੀਆਂ ਭਾਈ ਅੱਡਣ ਸ਼ਾਹ ਜੀ

-ਕ੍ਰਿਤ ਭਾਈ ਸਹਿਜ ਰਾਮ ਜੀ 'ਸੇਵਾ ਪੰਥੀ'

## ਗੁਰਮੁਖ ਤੇ ਮਨਮੁਖ ਕਿਹੜੇ...?

ਇਕ ਸਾਧ ਨੇ ਇਕ ਸਾਧ ਥੀ ਪੁਛਿਆ- 'ਸੰਤ ਜੀ ! ਗੁਰਮੁਖ ਕਿਸ ਨੂੰ ਕਹਿੰਦੇ ਹੈਂ ਅਤੇ ਮਨਮੁਖ ਕਿਸ ਨੂੰ ਕਹਿੰਦੇ ਹੈਨ ? ਤਬ ਸਾਧ ਨੇ ਉਤਰ ਦੀਆ-'ਗੁਰਮੁਖ ਤਾਂ ਓਹੁ ਕਹੀਦੇ ਹੈਨ, ਜਿਨਾਂ ਦਾ ਗੁਰਾਂ ਦੀ ਤਰਫ ਮੁਖ ਹੈ। ਸਦਾ ਗੁਰਾਂ ਦੇ ਵਚਨ ਵਿਚ ਸੁਰਤ ਜਿਨਾਂ ਦੀ ਵਸਦੀ ਹੈ। ਸੋ ਗੁਰੂ ਕਿਆ ਕਹਿੰਦੇ ਹੈਨ- **ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥** ''

ਹੋਰ ਗੁਰੂ ਕਿਆ ਕਹਿੰਦੇ ਹੈ : **ਜਨ ਨਾਨਕ ਭਗਵੰਤ ਭਜਨ ਬਿਨੁ ਸੁਖੁ ਸੁਪਨੈ ਭੀ ਨਾਹੀ ॥**''

ਹੋਰ ਗੁਰੂ ਕਿਆ ਕਹਿੰਦੇ ਹੈ- **ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ ॥** ''

ਧਿਆਨ ਦੇ ਕਰ ਸੁਣਦਾ ਜਾਹਿ , ਹੋਰ ਗੁਰੂ ਕੀ ਕਹਿੰਦੇ ਹੈ-

**ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ**
**ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ ॥**

ਤੂ ਅਛੀ ਤਰਾਂ ਮੇਰੇ ਵਲ ਧਿਆਨ ਕਰਕੇ ਸੁਣ। ਹੋਰ ਗੁਰੂ ਕੀ ਕਹਿੰਦੇ ਹੈਨ-

**ਬਿਖਮ ਥਾਨਹੁ ਜਿਨਿ ਰਖਿਆ ਤਿਸੁ ਤਿਲੁ ਨ ਵਿਸਾਰਿ ॥**

ਗੁਰੂ ਕਹਿੰਦੇ ਹੈਨ- ਹੇ ਪ੍ਰਾਣੀ ! ਮਾਤਾ ਦੇ ਗਰਭ ਵਿੱਚ ਜਿਸ ਰਖਿਆ ਤੇਰੀ ਕਰੀ ਹੈ। ਉਸ ਨੇ ਤੇਰੇ ਉਪਰ ਵਡਾ ਉਪਕਾਰ ਕੀਤਾ ਹੈ। ਬਲਦੀ ਅੱਗ ਵਿਚੋਂ ਜਿਸ ਤੈਨੂੰ ਰਖਿਆ। ਉਸ ਨੂੰ ਤੂੰ ਅੱਖ ਦਾ ਫੁਰਣਾ ਭੀ ਨ ਵਿਸਾਰ। ਜੇ ਵਿਸਾਰੇਂਗਾ ਤਾਂ ਤੇਰਾ ਇਹ ਹਾਲ ਹੋਵੇਗਾ।

**ਪ੍ਰਭ ਬਿਸਰਤ ਸੁਖੁ ਕਦੇ ਨਾਹਿ ਜਾਸਹਿ ਜਨਮੁ ਹਾਰਿ ॥**

ਗੁਰੂ ਤੋ ਪੁਕਾਰ-ਪੁਕਾਰ ਕਹਿੰਦੇ ਹੈਨ-'' ਗੁਰਿ ਕਾਢੀ ਬਾਹ ਕੁਕੀਜੈ '' ਬਾਹਾਂ ਕੱਢ ਕੱਢ ਕੈ, ਉਤਾਹਾਂ ਖਲੀਆਂ ਕਰ-ਕਰ ਕੂਕਦੇ ਹੈਨ , ਜੋ ਕਿਵੇਂ ਕੋਈ ਸੁਖੀ ਹੋਵੈ। ਜੇ ਨਾ ਮੰਨਣਗੇ ਤਾਂ ਗਧਿਆ ਤੇ ਬੈਲਾਂ ਦੀਆਂ ਜੂਨਾਂ ਤਿਆਰ ਹੈਨ, ਦੇਖ ਲੈ ਆਪਣੀ ਨੇਤ੍ਰੀ। ਜੋ ਪਏ ਰਾਤ ਦਿਨੇ ਸੋਟਿਆਂ ਨਾਲ ਕੁਟੀਦੇ ਹੈਨ। ਕਬੀਰ ਜੀ ਕਾ ਬਚਨ ਭੀ ਇਹੋ ਹੈ- **ਹਰਿ ਬਿਨੁ ਬੈਲ ਬਿਰਾਨੇ ਹੁਈਹੈ ॥**

ਗੁਰਮੁਖ ਤਾਂ ਓਹੁ ਨੀ। ਜਿਹੜੇ ਸਬਦ ਵੱਲ ਧਿਆਨ ਰੱਖਦੇ ਹੈਂ। ਜੇ ਉਨਾਂ ਦਾ ਮਨ ਜਾਂਦਾ ਹੈ ਕਿਸੇ ਤਰਫ, ਤਾਂ ਸ਼ਬਦ ਦੇ ਵਿਚਾਰ ਨਾਲ ਮੋੜ ਲੈਂਦੇ ਹੈਨ। ਆਪਣੇ ਮਨ ਨੂੰ ਸਮਝਾਂਵਦੇ ਹੈਨ। ਰੇ ਮਨਾ। ਤੇਰਾ ਭੀ ਇਹੋ ਹਾਲ ਹੋਵੇਗਾ, ਜੋ ਖੋਤਿਆਂ ਤੇ ਬੈਲਾਂ ਦਾ ਦੇਖਦਾ ਹੈਂ ਤੇ ਮਨਮੁਖ ਓਹ ਹੈਨ: ਜਿਧਰ ਮਨ ਗਇਆ ਉਧਰੇ ਸਰੀਰ ਨੂੰ ਭੀ ਨਾਲ ਲੈ ਦੌੜੇ। ਹਾਣੂ ਲਾਭ ਕਛੂ ਭੀ ਨ ਸਮਝੀ। ਜੋ ਇਸ ਮੇ ਮੈਨੂੰ ਘਾਟਾ ਹੈ, ਕੇ ਨਫਾ ਹੈ ਹੈ, ਉਹ ਮਨਮੁਖ ਹੀ ਹੈ।

◆◆◆

ਲੜੀਵਾਰ ਕਥਾ

# ਸੋ ਦਰੁ ਰਹਿਰਾਸ ਸਾਹਿਬ

- ਸੰਤ ਕਾਹਨ ਸਿੰਘ 'ਸੇਵਾ ਪੰਥੀ'

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ ।

ਸਲੋਕ ਮਹਲਾ ੫ ॥
ਰਖੇ ਰਖਣਹਾਰਿ ਆਪਿ ਉਬਾਰਿਅਨੁ ॥
ਗੁਰ ਕੀ ਪੈਰੀ ਪਾਇ ਕਾਜ ਸਵਾਰਿਅਨੁ ॥
ਹੋਆ ਆਪਿ ਦਇਆਲੁ ਮਨਹੁ ਨ ਵਿਸਾਰਿਅਨੁ ॥
ਸਾਧ ਜਨਾ ਕੈ ਸੰਗਿ ਭਵਜਲੁ ਤਾਰਿਅਨੁ ॥
ਸਾਕਤ ਨਿੰਦਕ ਦੁਸਟ ਖਿਨ ਮਾਹਿ ਬਿਦਾਰਿਅਨੁ ॥
ਤਿਸੁ ਸਾਹਿਬ ਕੀ ਟੇਕ ਨਾਨਕ ਮਨੈ ਮਾਹਿ ॥
ਜਿਸੁ ਸਿਮਰਤ ਸੁਖੁ ਹੋਇ ਸਗਲੇ ਦੂਖ ਜਾਹਿ ॥੨॥

## ਰਖੇ ਰਖਣਹਾਰਿ ਆਪਿ ਉਬਾਰਿਅਨੁ ॥

**ਪਦ-ਅਰਥ :** ਆਪਿ ਉਬਾਰਿਅਨੁ - ਉਸ ਪ੍ਰਭੂ ਨੇ ਆਪ ਬਚਾ ਲਏ ।

ਰਖਣਹਾਰਿ- ਰਖਿਆ ਕਰਨ ਸਮਰੱਥ ।

**ਅਰਥ :** ਰੱਖਿਆ ਕਰਨ ਯੋਗ ਪ੍ਰਭੂ ਨੇ ਆਪ ਹੀ (ਸ਼ਰਨ ਵਿਚ ਆਏ ਉਤਮ ਪੁਰਖਾਂ ਨੂੰ ਮਾਇਕ ਵਿਕਾਰਾਂ ਤੋਂ ) ਬਚਾ ਲਏ ਹਨ ।

## ਗੁਰ ਕੀ ਪੈਰੀ ਪਾਇ ਕਾਜ ਸਵਾਰਿਅਨੁ ॥

**ਅਰਥ :** ਗੁਰੂ ਦੀ ਪੈਰੀ (ਸ਼ਰਨ) ਪਾ ਕੇ ਉਸ ਪ੍ਰਭੂ ਨੇ ਆਪ ਹੀ ਉਨ੍ਹਾਂ ਦੇ ਸਾਰੇ ਕੰਮ ਸਵਾਰ ਦਿੱਤੇ ਹਨ ।

## ਹੋਆ ਆਪਿ ਦਇਆਲੁ ਮਨਹੁ ਨ ਵਿਸਾਰਿਅਨੁ ॥

**ਅਰਥ :** ਜਿੰਨਾਂ ਉੱਤੇ ! ਆਪ ਦਿਆਲੂ ਹੋਇਆ ਉਨ੍ਹਾਂ ਨੂੰ ਉਸ ਪ੍ਰਭੂ ਨੇ (ਆਪਣੇ) ਮਨ ਤੋਂ ਨਹੀ ਵਿਸਾਰਿਆ ।

## ਸਾਧ ਜਨਾ ਕੈ ਸੰਗਿ ਭਵਜਲੁ ਤਾਰਿਅਨੁ ॥

**ਅਰਥ** : ਪ੍ਰਮੇਸ਼ਵਰ ਨੇ ਆਪਨੇ ਸੇਵਕਾਂ ਨੂੰ ਸਾਧੂ ਜਨਾ (ਗੁਰੂ) ਦੇ ਸੰਗ ਵਿਚ (ਰੱਖਕੇ) ਸੰਸਾਰ - ਭਵਜਲ ਤੋਂ ਤਾਰ ਦਿੱਤਾ ਹੈ।

## ਸਾਕਤ ਨਿੰਦਕ ਦੁਸਟ ਖਿਨ ਮਾਹਿ ਬਿਦਾਰਿਅਨੁ ॥

**ਪਦ-ਅਰਥ** : - **ਸਾਕਤ**-ਪ੍ਰਭੂ ਵੱਲੋਂ ਟੁੱਟੇ ਹੋਏ ਮਾਇਆ ਮੋਹ ਵਿੱਚ ਗ੍ਰਹਿਸੇ ਮਨੁੱਖ।

**ਅਰਥ** : ਸਾਕਤ, ਨਿੰਦਕ ਤੇ ਵਿਕਾਰੀ ਲੋਕ, **ਖਿਨ**-ਪਲ ਵਿੱਚ ਉਸਨੇ **ਬਿਦਾਰਿਆਨੁ** -ਨਾਸ ਕਰ ਦਿੱਤੇ।

## ਤਿਸੁ ਸਾਹਿਬ ਕੀ ਟੇਕ ਨਾਨਕ ਮਨੈ ਮਾਹਿ ॥

**ਅਰਥ** : ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਸੇਵਕ ਨੂੰ ਉਸ ਸਾਹਿਬ (ਮਾਲਕ) ਦੀ ਟੇਕ-ਆਸਰਾ,ਓਟ ਆਪਣੇ ਮਨ ਵਿੱਚ ਰੱਖਣੀ ਚਾਹੀਦੀ ਹੈ।

## ਜਿਸੁ ਸਿਮਰਤ ਸੁਖੁ ਹੋਇ ਸਗਲੇ ਦੂਖ ਜਾਹਿ ॥੨॥

**ਅਰਥ** : ਜਿਸ ਦੇ ਸਿਮਰਦਿਆਂ ਸਦੀਵੀ ਸੁੱਖ ਮਿਲਦਾ ਹੈ ਅਤੇ ਸਾਰੇ ਦੁਖ ਦੂਰ ਹੋ ਜਾਂਦੇ ਹਨ।

ਇਹ ਪਵਿੱਤਰ ਬਾਣੀ ਸੋ ਦਰੁ ਰਹਿਰਾਸ ਸਾਹਿਬ ਜੋ ਸ਼ਾਮ ਦੇ ਨਿਤਨੇਮ ਦੀ ਬਾਣੀ ਹੈ। ਜਿੱਥੇ ਗੁਰੂ ਸਾਹਿਬਾਂ ਨੇ ਪ੍ਰਮਾਤਮਾ ਦੇ ਦਰਬਾਰ ਦੀ ਮਹਿਮਾ ਪ੍ਰਭੂ ਦੀ ਵਡਿਆਈ ਦਾ ਕਥਨ ਕੀਤਾ ਹੈ ਤੇ ਜੀਵਨ ਨੂੰ ਉਸ ਪ੍ਰਭੂ ਦੇ ਪਿਆਰ ਵਿੱਚ ਜੁੜਨ ਦੀ ਪ੍ਰੇਰਨਾ ਕੀਤੀ ਹੈ। ਉਥੇ ਮਨੁੱਖ ਦੇ ਮਨ ਨੂੰ ਮਾਇਕ ਵਿਕਾਰਾਂ ਤੋਂ ਬਚਾ ਕੇ ਰੱਖਣ ਦੇ ਲਈ ਪ੍ਰਮਾਤਮਾਂ ਨੂੰ ਹੀ ਰੱਖਿਆ ਕਰਨ ਦੇ ਸਮਰੱਥ ਫੁਰਮਾਇਆ ਹੈ ਕਿ ਜੋ ਪ੍ਰਮਾਤਮਾ, ਮਾਤਾ ਦੇ ਪੇਟ ਵਿੱਚ ਜਾਂ ਜਠਾਗਨੀ ਦੇ ਸੇਕ ਤੋ ਰੱਖਿਆ ਕਰਦਾ ਹੈ। ਉਹੀ ਪ੍ਰਮਾਤਮਾ ਮਾਇਕ ਵਿਕਾਰਾਂ ਦੀ ਅੱਗਨੀ ਤੋਂ ਵੀ ਬਚਾਉਣ ਵਾਲਾ ਹੈ ਇਸ ਲਈ ਮਨੁੱਖ ਨੂੰ ਉਸ ਦਾ ਹੀ ਸਿਮਰਨ ਕਰਨਾ ਚਾਹੀਦਾ ਹੈ। ਸੋ ਹਰ ਇਕ ਮਨੁੱਖ ਨੂੰ ਇਹ ਪਵਿੱਤਰ ਬਾਣੀ ਸ਼ਾਮ ਦੇ ਸਮੇਂ ਪੜ੍ਹਨੀ ਜਾਂ ਸੁਨਣੀ ਚਾਹੀਦੀ ਹੈ।

(ਚਲਦਾ----)



ੴ

# ਬਾਦਸ਼ਾਹ ਦਰਵੇਸ਼ ਗੁਰੁ ਗੋਬਿੰਦ ਸਿੰਘ

- ਭਾਈ ਨੰਦ ਲਾਲ ਜੀ 'ਗੋਯਾ'

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ ।

ਸਰਵਰਾਂ ਰਾ ਤਾਜ ਗੁਰੁ ਗੋਬਿੰਦ ਸਿੰਘ ॥
ਬਰਤਰੀਂ ਮਿਅਗਜ ਗੁਰੁ ਗੋਬਿੰਦ ਸਿੰਘ ॥
ਅਸ਼ਰ ਕੁਦਮੀ ਰਾਮਿ ਗੁਰੁ ਗੋਬਿੰਦ ਸਿੰਘ ॥
ਵਾਸਫ਼ਿ ਅਕਰਾਮਿ ਗੁਰੁ ਗੋਬਿੰਦ ਸਿੰਘ ॥

ਸਰਵਰਾਂ ਰਾ ਤਾਜ ਗੁਰੁ ਗੋਬਿੰਦ ਸਿੰਘ ॥
ਬਰਤਰੀ ਮਿਅਗਜ ਗੁਰੁ ਗੋਬਿੰਦ ਸਿੰਘ ॥

**ਅਰਥ** -: ਗੁਰੂ ਗੋਬਿੰਦ ਸਿੰਘ ਸਰਦਾਰਾਂ ਦੇ ਤਾਜ ਹਨ, ਰੱਬ ਦੀ ਪ੍ਰਾਪਤੀ ਲਈ ਗੁਰੂ ਗੋਬਿੰਦ ਸਿੰਘ ਸਭ ਤੋਂ ਚੰਗਾ ਵਸੀਲਾ (ਪੌੜੀ) ਹਨ ।

ਅਸਰ ਕੁਦਮੀ ਰਾਮਿ ਗੁਰੁ ਗੋਬਿੰਦ ਸਿੰਘ ॥
ਵਾਸਫ਼ਿ ਅਕਰਾਮਿ ਗੁਰੁ ਗੋਬਿੰਦ ਸਿੰਘ ॥

**ਅਰਥ** -:ਸਾਰੇ ਪਵਿੱਤਰ ਫ਼ਰਿਸ਼ਤੇ ਗੁਰੂ ਗੋਬਿੰਦ ਸਿੰਘ ਦੇ ਤਾਬਿਆਂ ਹਨ ਅਤੇ ਗੁਰੂ ਗੋਬਿੰਦ ਸਿੰਘ ਦੀਆਂ ਬਖਸ਼ਿਸ਼ਾਂ ਦੀ ਸਿਫਤ ਕਰਨ ਵਾਲੇ ਹਨ ।

(ਚਲਦਾ ....)

# ਗੁਰਬਾਣੀ ਵਿੱਚ ਨਿਮਰਤਾ ਤੇ ਨੇਕ ਕਮਾਈ ਦਾ ਮਹੱਤਵ

-ਈਸ਼ਰ ਸਿੰਘ ਅਟਾਰੀ

ਗੁਰਬਾਣੀ ਵਿੱਚ ਨਿਮਰਤਾ ਨੂੰ ਮਨੁੱਖ ਦੇ ਜੀਵਨ ਮਾਰਗ ਦਾ ਇਕ ਬਹੁਤ ਉੱਚਾ ਅਧਾਰ ਪ੍ਰਵਾਨ ਕੀਤਾ ਗਿਆ ਹੈ। ਮਨੁੱਖੀ ਚਲਨ ਭਾਵ ਇਖ਼ਲਾਕ ਦਾ ਨਿਮਰਤਾ ਨੂੰ ਇਕ ਤਰ੍ਹਾਂ ਨਾਲ ਤੱਤ ਅਤੇ ਸਾਰੀਆਂ ਚੰਗਿਆਈਆਂ ਦਾ ਸੋਮਾ ਆਖਿਆ ਗਿਆ ਹੈ। ਗੁਰਬਾਣੀ ਵਿੱਚ ਨਿਮਰਤਾ ਨੂੰ ਗਰੀਬੀ ਦੇ ਨਾਂ ਨਾਲ ਵੀ ਯਾਦ ਕੀਤਾ ਗਿਆ ਹੈ , ਪਰ ਗਰੀਬੀ ਦਾ ਇਥੇ ਭਾਵ ਮਾਇਕ ਅਤੇ ਪਦਾਰਥਕ ਤੰਗੀ ਨਹੀਂ, ਸਗੋਂ ਸਭ ਪਦਾਰਥਾਂ, ਅਕਲਾਂ ਅਤੇ ਹੁਕਮ ਹਾਸਲ ਹੁੰਦਿਆਂ ਵੀ ਵਰਤੋਂ ਵਿਹਾਰ ਵਿੱਚ ਹਲੀਮੀ, ਆਜਜ਼ੀ, ਮਿਠਤ ਅਤੇ ਕਿਸੇ ਵੀ ਗੁਣ, ਚੰਗਿਆਈ ਅਤੇ ਰੁਤਬੇ ਦਾ ਮਾਣ ਹੰਕਾਰ ਭਾਵ ਗਰਬ ਨ ਕਰਨ ਨੂੰ ਗੁਰਬਾਣੀ ਵਿੱਚ ਨਿਮਰਤਾ ਜਾਂ ਗਰੀਬੀ ਦਾ ਨਾਂ ਦਿੱਤਾ ਗਿਆ ਹੈ।

ਗੁਰਬਾਣੀ ਵਿੱਚ ਮਨੁੱਖੀ ਜੀਵਨ ਦਾ ਪਰਮ ਉਦੇਸ਼ ਪ੍ਰਭੂ ਅਥਵਾ ਪਰਮਾਤਮਾ ਦੀ ਪ੍ਰਾਪਤੀ ਦੱਸਿਆ ਗਿਆ ਹੈ ਤੇ ਪਰਮਾਤਮਾ ਨੂੰ ਕਈ ਰੂਪਾਂ ਵਿੱਚ ਯਾਦ ਕੀਤਾ ਗਿਆ ਹੈ ਅਤੇ ਇਨ੍ਹਾਂ ਰੂਪਾਂ ਵਿੱਚ ਇਕ ਰੂਪ ਕੰਤ ਦਾ ਵੀ ਹੈ। ਪ੍ਰਮਾਤਮਾ ਨੂੰ ਕੰਤ ਅਤੇ ਮਨੁੱਖ ਨੂੰ ਇਸਤਰੀ ਕਹਿਕੇ ਕਈ ਥਾਂ ਅਜਿਹੇ ਸਾਧਨ ਦੱਸੇ ਗਏ ਹਨ ਜਿਨ੍ਹਾਂ ਨਾਲ ਕਿ ਮਨੁੱਖ ਇਸਤਰੀ ਆਪਣੇ ਪ੍ਰਭੂ ਰੂਪੀ ਕੰਤ ਨੂੰ ਰੀਝਾ ਸਕਦੀ ਹੈ, ਵੱਸ ਕਰ ਸਕਦੀ ਹੈ ਅਥਵਾ ਪ੍ਰਾਪਤ ਕਰ ਸਕਦੀ ਹੈ। ਇਸ ਮਨੋਰਥ ਲਈ ਜਗਿਆਸੂ ਰੂਪੀ ਇਸਤਰੀ ਵਿੱਚ ਜੋ ਤਿੰਨ ਮੁੱਖ ਗੁਣ ਹੋਣੇ ਜ਼ਰੂਰੀ ਦੱਸੇ ਗਏ ਹਨ ਉਨ੍ਹਾਂ ਵਿੱਚ ਸਭ ਤੋਂ ਪਹਿਲੀ ਥਾਂ ਨਿਵਣ ਭਾਵ ਨੂੰ ਦਿੱਤੀ ਗਈ ਹੈ। ਜਿਵੇਂ ਗੁਰੂ ਨਾਨਕ ਦੇਵ ਫਰਮਾਉਂਦੇ ਹਨ-

**ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥**
**ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥**

ਇਸੇ ਨਿਵਣ ਦਾ ਭਾਵ ਨਿਮਰਤਾ ਹੈ। ਮਨੁੱਖ ਵਿੱਚ ਨਿਮਰਤਾ, ਖਿਮਾ ਅਤੇ ਮਿਠਾ ਬੋਲਣਾ ਤਿੰਨ ਗੁਣ ਹੋਣੇ ਆਵਸ਼ਕ ਹਨ ਕਿਉਂਕਿ ਇਨ੍ਹਾਂ ਗੁਣਾਂ ਨਾਲ ਹੀ ਉਹ ਰੂਹਾਨੀ ਜੀਵਨ ਵਿੱਚ ਪ੍ਰਮਾਤਮਾ ਨੂੰ ਅਤੇ ਸਮਾਜਕ ਜੀਵਨ ਵਿੱਚ ਆਪਣੇ ਵੱਡਿਆਂ, ਆਪਣੇ ਸਾਥੀਆਂ ਅਤੇ ਸੰਬੰਧੀਆਂ ਵਿੱਚ ਪਰਵਾਨ ਹੋ ਸਕਦਾ ਹੈ।

ਗੁਰਬਾਣੀ ਵਿੱਚ ਨਿਮਰਤਾ ਨੂੰ ਗਰੀਬੀ ਦਾ ਨਾਂ ਦੇਣ ਦਾ ਭਾਵ ਇਹ ਨਹੀਂ ਕਿ ਮਨੁੱਖ ਸੰਸਾਰਕ ਜੀਵਨ ਦੇ ਰੁਝਾਨ ਲਈ ਮਿਹਨਤ ਤੇ ਉਦਮ ਨ ਕਰੇ ਅਤੇ ਆਰਥਿਕ ਤੌਰ ਤੇ ਮਾੜਾ ਰਹੇ , ਸਗੋਂ ਗੁਰਬਾਣੀ ਵਿੱਚ ਗਰੀਬੀ ਦਾ ਅਰਥ ਹੈ ਕਿ ਮਨ ਨੀਵਾਂ ਰਖੇ ਭਾਵ ਨਿਮਰ ਰਹੇ। ਗੁਰੂ ਅਰਜਨ ਦੇਵ ਜੀ ਦਾ ਇਕ ਵਾਕ ਹੈ:

**ਗਰੀਬੀ ਗਦਾ ਹਮਾਰੀ ॥**
**ਖੰਨਾ ਸਗਲ ਰੇਨੁ ਛਾਰੀ ॥**
**ਤਿਸ ਆਗੈ ਕੋ ਨ ਟਿਕੈ ਵੇਕਾਰੀ ॥**

ਭਾਵ ਇਹ ਕਿ ਜੀਵਨ ਦਾ ਸੰਗ੍ਰਾਮ ਲੜਨ ਲਈ ਅਰਥਾਤ ਲੋਭ ਮੋਹ ਹੰਕਾਰ ਨੂੰ ਪਛਾੜਨ ਦੀ ਜੰਗ ਵਿੱਚ ਮਨੁੱਖ ਦੀ ਗੁਰਜ ਗਰੀਬੀ ਭਾਵ ਹਲੀਮੀ ਤੇ ਨਿਮਰਤਾ ਹੋਣੀ ਚਾਹੀਦੀ ਹੈ ਅਤੇ ਸੰਗਤ ਦੀ ਧੂੜ ਖੜਗ ਤਥਾ ਖੰਡਾ।ਇਸੇ ਤਰ੍ਹਾ ਸੁਖਮਨੀ ਸਾਹਿਬ ਵਿੱਚ ਆਇਆ ਹੈ :

**ਆਪਸ ਕਉ ਜੋ ਜਾਨੈ ਨੀਚਾ ॥**
**ਸੋਊ ਗਨੀਐ ਸਭ ਤੇ ਊਚਾ ॥**
**ਜਾ ਕਾ ਮਨੁ ਹੋਇ ਸਗਲ ਕੀ ਰੀਨਾ ॥**
**ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ ॥**

ਸੁਖਮਨੀ ਸਾਹਿਬ ਵਿੱਚ ਹੀ ਆਪ ਫਰਮਾਉਂਦੇ ਹਨ :

**ਕਰਿ ਕ੍ਰਿਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ॥**
**ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥**

ਗੁਰੂ ਅਰਜਨ ਦੇਵ ਜੀ ਨੇ ਨਿਮਰਤਾ ਭਾਵ ਗਰੀਬੀ ਨੂੰ ਆਪਣੇ ਅਮਲੀ ਜੀਵਨ ਵਿੱਚ ਧਾਰਨ ਕਰਕੇ ਇਕ ਮਿਸਾਲ ਪੇਸ਼ ਕੀਤੀ।

ਦੱਸਿਆ ਜਾਂਦਾ ਹੈ ਕਿ ਕਿਸੇ ਸਿੱਖ ਦੀ ਪੁੱਤਰੀ ਦੀ ਸ਼ਾਦੀ ਸੀ। ਉਸ ਸਿੱਖ ਨੇ ਗੁਰੂ ਅਰਜਨ ਦੇਵ ਜੀ ਪਾਸੋਂ ਕੁਝ ਸਹਾਇਤਾ ਦੀ ਮੰਗ ਕੀਤੀ। ਗੁਰੂ ਸਾਹਿਬ ਨੇ ਇਕ ਟਕਾ ਦੇਕੇ ਕਿਹਾ, "ਇਹ ਟਕਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੈ ਜਿਨ੍ਹਾ ਅੰਦਰ ਅਕਾਲ ਪੁਰਖ ਦੀ ਜੋਤ ਧੁਰ ਤੋਂ ਹੀ ਪ੍ਰਕਾਸ਼ਮਾਨ ਸੀ ? ਦੂਜਾ ਟਕਾ ਦੇ ਕੇ ਕਿਹਾ,ਇਹ ਟਕਾ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਹੈ ਜਿਹੜੇ ਗੁਰੂ ਨਾਨਕ ਦੇਵ ਜੀ ਦੇ ਪੂਰਨ ਗੁਰਸਿੱਖ ਹੋਏ", ਤੀਜਾ ਟਕਾ ਦਿੱਤਾ ਤਾਂ ਕਿਹਾ, " ਇਹ ਸਾਹਿਬ ਗੁਰੂ ਅਮਰਦਾਸ ਜੀ ਦਾ ਹੈ ਜਿਹੜੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਅਤੇ ਇਹ ਚੌਥਾ ਟਕਾ ਸ੍ਰੀ ਗੁਰੂ ਰਾਮਦਾਸ ਜੀ ਦਾ ਹੈ ਜਿਹੜੇ ਗੁਰੂ ਅਮਰ ਦਾਸ ਜੀ ਦੇ ਪੂਰਨ ਸਿੱਖ ਸਨ।" ਉਪਰੰਤ ਇੱਕ ਟਕਾ ਹੋਰ ਦੇ ਕੇ ਕਿਹਾ, 'ਇਹ ਟਕਾ ਦਾਸ ਅਰਜਨ ਦਾ ਹੈ ਜੋ ਕਿ ਅਜੇ ਸਿੱਖ ਬਣਨ ਦਾ ਯਤਨ ਕਰ ਰਿਹਾ ਹੈ। " ਨਿਮਰਤਾ ਦੀ ਇਹ ਇਕ ਉਚੀ ਮਿਸਾਲ ਹੈ।

ਗੁਰੂ ਅਰਜਨ ਦੇਵ ਜੀ ਪੂਰਨ ਬ੍ਰਹਮ ਗਿਆਨੀ, ਮਹਾਨ ਸਾਹਿਤਕਾਰ ਅਤੇ ਮਹਾਨ ਤਪੱਸਵੀ ਆਦਿ ਅਨੇਕਾਂ ਗੁਣਾਂ ਦੇ ਬੋਹਿਥ ਹੁੰਦੇ ਹੋਏ ਵੀ ਕਹਿੰਦੇ ਹਨ:-

**" ਮੈਂ ਨਿਰਗੁਣਿਆਰੇ ਕੋ ਗੁਣ ਨਾਹੀ"**

ਇਸ ਤਰ੍ਹਾਂ ਇੱਕ ਸਾਖੀ ਹੋਰ ਆਉਂਦੀ ਹੈ। ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਇਕ ਵਾਰ ਗੁਰੂ ਰਾਮਦਾਸ ਜੀ ਦੇ ਦਰਸ਼ਨ ਕਰਨ ਗਏ। ਗੁਰੂ ਰਾਮਦਾਸ ਜੀ ਦਾ ਦਾਹੜਾ ਬਹੁਤ ਲੰਮਾ ਅਤੇ ਪ੍ਰਭਾਵਸ਼ੀਲ ਸੀ ਜਦ ਕਿ ਬਾਬਾ ਸ੍ਰੀ ਚੰਦ ਜੀ ਜਟਾ ਜੂਟ ਮਹਾਤਮਾ ਸਨ। ਬਾਬਾ ਸ੍ਰੀ ਚੰਦ ਜੀ ਨੇ ਸੁਭਾਵਿਕ ਹੀ ਕਹਿ ਦਿੱਤਾ, "ਇਹ ਦਾਹੜਾ ਏਨਾ ਕਿਉਂ ਵਧਾਇਆ ਹੋਇਆ ਹੈ ? ਗੁਰੂ ਰਾਮਦਾਸ ਜੀ ਨੇ ਝੱਟ ਉੱਤਰ ਦਿੱਤਾ, " ਤੁਹਾਡੇ ਜਿਹੇ ਮਹਾਂਪੁਰਸ਼ਾਂ ਦੇ ਚਰਨ ਝਾੜਨ ਲਈ " ਨਿਰਮਤਾ ਦੀ ਇਹ ਆਖਰੀ ਸਿਖਰ ਆਖੀ ਜਾ ਸਕਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਕ ਮੁਖਵਾਕ ਹੈ :

**'ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ ॥'**

ਭਾਵ ਸਭ ਚੰਗਿਆਈਆਂ ਦਾ ਤਤ ਮਿੱਠਤ ਅਥਵਾ ਨਿਮਰਤਾ ਹੈ। ਭਾਈ ਗੁਰਦਾਸ ਨੇ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਜਦ ਸਚਖੰਡ ਗਏ ਭਾਵ ਉਨ੍ਹਾਂ ਦੀ ਸੁਰਤ ਦਸਵੇਂ ਦੁਆਰ ਪੁੱਜੀ ਤਾਂ ਉਨ੍ਹਾਂ ਨੇ ਆਪਣੇ ਲਈ ਜੋ ਮੰਗ ਮੰਗੀ ਉਹ ਗ਼ਰੀਬੀ ਭਾਵ ਨਿਮਰਤਾ ਸੀ ਜਿਵੇਂ:

**ਬਾਬਾ ਪੈਧਾ ਸਚਖੰਡ ਨਉ ਨਿਧਿ ਨਾਮ ਗਰੀਬੀ ਪਾਈ ॥**

ਗੁਰਬਾਣੀ ਵਿੱਚ ਜਿਥੇ ਨਿਮਰਤਾ, ਗ਼ਰੀਬੀ ਅਤੇ ਮਿੱਠਤ ਉਤੇ ਏਨਾ ਜ਼ੋਰ ਦਿੱਤਾ ਹੈ ਉਥੇ ਹਉਮੈ, ਗਰਬ ਅਤੇ ਕੌੜਾ ਬੋਲਣ ਦਾ ਖੰਡਨ ਵੀ ਕੀਤਾ ਹੈ। ਗੁਰੂ ਨਾਨਕ ਸਾਹਿਬ ਦਾ ਇਕ ਵਾਕ ਹੈ : **ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸ ਮਾਹਿ ॥**

ਅਤੇ ਇਕ ਹੋਰ ਥਾਂ ਫ਼ੁਰਮਾਇਆ ਹੈ :

**ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ।**

ਇਕ ਥਾਂ ਆਇਆ ਹੈ :

**ਬਡੇ ਬਡੇ ਹੰਕਾਰੀਆ ਨਾਨਕ ਗਰਬਿ ਗਲੇ ॥**

ਭਾਵ ਵੱਡੇ ਵੱਡੇ ਹੰਕਾਰੀਆਂ ਨੂੰ ਉਨਾਂ ਦਾ ਹੰਕਾਰ ਹੀ ਗਾਲ ਦੇਂਦਾ ਹੈ। ਕਈ ਲੋਕ, ਨਿਮਰਤਾ ਨੂੰ ਕਈ ਵੇਰ ਵਿਖਾਵਾ ਤੇ ਪਾਖੰਡ ਵੀ ਬਣਾ ਲੈਂਦੇ ਹਨ, ਜਿਵੇਂ :

**ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥**
**ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥**

ਭਾਵ ਜਿਹੜਾ ਅਪਰਾਧ ਕਰਦਾ ਹੈ, ਪਾਪ ਕਰਦਾ ਹੈ ਉਹ ਪਾਪ ਦੇ ਡਰ ਨਾਲ ਬਹੁਤਾ ਨਿਉਂਦਾ ਹੈ ਅਤੇ ਲੋਕਾਂ ਨਾਲ ਮਿੱਠੀਆਂ-ਮਿੱਠੀਆਂ ਗੱਲਾਂ ਕਰਕੇ ਉਨ੍ਹਾਂ ਨੂੰ ਭਰਮਾਉਂਦਾ ਤੇ ਧੋਖਾ ਦੇਂਦਾ ਹੈ। ਜਿਵੇਂ ਸ਼ਿਕਾਰੀ ਆਪਣੇ ਸ਼ਿਕਾਰ ਨੂੰ ਵੇਖਕੇ ਬਹੁਤਾ ਝੁਕ ਜਾਂਦਾ ਹੈ। ਕਿਸੇ ਨੂੰ ਝੁਕਿਆ ਵੇਖਕੇ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਉਹ ਨਿਮਰਤਾ ਕਰਕੇ ਹੀ ਝੁਕ ਰਿਹਾ ਹੈ। ਸਗੋਂ ਨਿਮਰਤਾ ਦਿਲੋਂ ਸੱਚੀ ਤਰ੍ਹਾਂ ਦੀ ਹੋਣੀ ਚਾਹੀਦੀ ਹੈ, ਮਾਣ ਹੁੰਦਿਆਂ ਨਿਮਾਣਾ ਰਹੇ ਤਾਂ ਹੀ ਉਹ ਨਿਮਰ ਅਖਵਾ ਸਕਦਾ ਹੈ ਤੇ ਉਸਦੀ ਨਿਮਰਤਾ ਵੀ ਸਲਾਘਾਯੋਗ ਹੈ, ਜੇ ਹਿਰਦਾ ਅਸ਼ੁੱਧ ਅਤੇ ਨੀਅਤ ਬਦ ਹੋਵੇ ਤਾਂ ਨਿਮਰਤਾ ਕਿਸੇ ਕੰਮ ਨਹੀਂ।

ਗੁਰਬਾਣੀ ਵਿੱਚ ਥਾਂ ਪਰ ਥਾਂ ਮਨੁੱਖ ਨੂੰ ਹਉਮੈ ਅਤੇ ਗਰਬ ਛੱਡਕੇ ਨਿਮਰਤਾ, ਹਲੀਮੀ ਅਤੇ ਗਰੀਬੀ ਵੇਸ ਰੱਖਣ ਦਾ ਉਪਦੇਸ਼ ਦਿੱਤਾ ਗਿਆ ਹੈ ਅਤੇ ਇਹ ਸੱਚ ਹੈ ਕਿ ਆਤਮਿਕ ਅਤੇ ਸੰਸਾਰਕ ਦੋਹਾਂ ਜੀਵਨਾਂ ਲਈ ਨਿਮਰਤਾ ਇਕ ਅਜਿਹਾ ਗੁਣ ਹੈ, ਜਿਸਨੂੰ ਧਾਰਨ ਕਰਨ ਵਾਲਾ ਮਨੁੱਖ ਕਦੇ ਵੀ ਹਾਰਦਾ ਨਹੀਂ।

ਇਹੋ ਕਾਰਨ ਹੈ ਕਿ ਆਪਣੀ ਰੋਜ਼ ਦੀ ਅਰਦਾਸ ਵਿੱਚ ਜਿਥੇ ਅਸੀਂ ਵਾਹਿਗੁਰੂ ਤੋਂ ਹੋਰ ਅਨੇਕਾਂ ਜਾਚਨਾਵਾਂ ਕਰਦੇ ਹਾਂ ਉਥੇ ''ਮਨ ਨੀਵਾਂ ਤੇ ਮਤ ਉਚੀ'' ਦੀ ਵੀ ਜਾਚਨਾ ਕਰਦੇ ਹਾਂ। ਸੋ

ਆਓ ਅਸੀਂ ਆਪਣੇ ਜੀਵਨ ਵਿੱਚ ਨਿਮਰਤਾ ਧਾਰਨ ਕਰੀਏ ਜਿਸਦੇ ਲਈ ਗੁਰਬਾਣੀ ਵਿੱਚ ਥਾਂ ਪਰ ਥਾਂ ਸਾਡਾ ਮਾਰਗ ਦਰਸ਼ਨ ਕੀਤਾ ਗਿਆ ਹੈ।

**ਨੇਕ ਕਮਾਈ**

ਮਨੁੱਖੀ ਜੀਵਨ ਦੀ ਹੋਂਦ ਅਤੇ ਵਿਕਾਸ ਲਈ ਕਮਾਈ ਕਰਨਾ ਇਕ ਬੁਨਿਆਦੀ ਅਤੇ ਸਭ ਤੋਂ ਪਹਿਲੀ ਲੋੜ ਹੈ। ਆਮ ਵੇਖਣ ਵਿੱਚ ਆਇਆ ਹੈ ਕਿ ਕਈ ਲੋਕ ਕਮਾਈ ਕਰਨ ਨੂੰ ਜੀਵਨ ਦਾ ਇਕੋ ਇਕ ਨਿਸ਼ਾਨਾ ਅਤੇ ਮਨੋਰਥ ਬਣਾ ਲੈਂਦੇ ਹਨ। ਜਿਸ ਤਰ੍ਹਾਂ ਵੀ ਹੋਵੇ ਝੂਠ ਬੋਲਕੇ, ਘੱਟ ਤੋਲਕੇ , ਠੱਗੀ ਕਰਕੇ, ਮਿਲਾਵਟ ਕਰਕੇ ਅਤੇ ਕਿਸੇ ਦਾ ਹੱਕ ਮਾਰਕੇ ਆਪਣੇ ਲਈ ਧਨ ਇਕੱਠਾ ਕਰੋ ਇਹ ਕਈ ਲੋਕਾਂ ਦਾ ਮੂਲ ਮਨੋਰਥ ਹੁੰਦਾ ਹੈ। ਕਾਰ ਵਿਹਾਰ ਵਿੱਚ ਕਈ ਵੇਰ ਹੇਰਾ ਫੇਰੀ ਕਰਨ ਵਾਲੇ ਕਹਿ ਦੇਂਦੇ ਹਨ, 'ਜੀ ਦੁਕਾਨਦਾਰੀ ਜੋ ਹੋਈ ਇੰਝ ਕੀਤੇ ਬਗ਼ੈਰ ਪੂਰੀ ਨਹੀਂ ਪੈਂਦੀ ਪਰ ਗੁਰਬਾਣੀ ਵਿੱਚ ਜੀਵਨ ਦੇ ਆਧਾਰ ਇਸ ਕਿਰਤ ਕਮਾਈ ਨੂੰ ਨੇਕ ਤੇ ਪਵਿੱਤਰ ਕਮਾਈ ਦੇ ਨਾਂ ਨਾਲ ਯਾਦ ਕੀਤਾ ਹੈ ਅਤੇ ਹਰ ਜੀਵ ਨੂੰ ਇਹੋ ਉਪਦੇਸ਼ ਦਿੱਤਾ ਹੈ ਕਿ ਰੱਜ ਕੇ ਤੇ ਜੀਅ ਖੋਲ੍ਹਕੇ ਕਮਾਈ ਕਰੋ ਪਰ ਇਹ ਕਮਾਈ ਹੱਕ ਤੇ ਸੁੱਚੀ ਹੋਣੀ ਚਾਹੀਦੀ ਹੈ। ਗੁਰਬਾਣੀ ਨੇ ਮਨੁੱਖ ਦੇ ਨਿਤਾਪ੍ਰਤੀ ਦੇ ਸੰਸਾਰਕ ਜੀਵਨ ਦੇ ਜੋ ਤਿੰਨ ਮੁੱਖ ਅਸੂਲ ਦੱਸੇ ਹਨ ਉਹ ਹਨ : ਕਿਰਤ ਕਰਨੀ, ਵੰਡ ਛਕਣਾ ਤੇ ਨਾਮ ਜਪਣਾ। ਕਿਰਤ ਨੂੰ ਸਭ ਤੋਂ ਪਹਿਲਾ ਸਥਾਨ ਪ੍ਰਾਪਤ ਹੈ ਪਰ ਉਸਦੇ ਲਈ ਪਹਿਲਾ ਹੁਕਮ ਹੈ :

**ਕਿਰਤ ਵਿਰਤ ਕਰ ਧਰਮ ਕੀ**

ਅਤੇ ਫਿਰ ਨਾਲ ਤਾੜਨਾ ਹੈ:-

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸ ਗਾਇ ॥**
**ਗੁਰੂ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥**

ਫਿਰ ਕਮਾਈ ਕਰਨ ਦੇ ਸਾਧਨ ਵੀ ਚੰਗੇ ਹੋਣੇ ਚਾਹੀਦੇ ਹਨ ਜਿਵੇਂ ਫੁਰਮਾਣ ਹੈ:

**"ਇਸ ਜਰ ਕਾਰਣਿ ਘਣੀ ਵਿਗੁਤੀ ਇਕ ਜਰ ਘਣੀ ਖੁਆਈ**
**ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥"**

ਇਥੇ ਇਕ ਸਾਖੀ ਆਉਂਦੀ ਹੈ ਜਿਸ ਵਿੱਚ ਦੱਸਿਆ ਗਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੂੰ ਉਨ੍ਹਾਂ ਦਾ ਇਕ ਸਿੱਖ ਦੂਨੀ ਚੰਦ ਆਪਣੇ ਘਰ ਲੈ ਆਇਆ। ਉਸ ਦੇ ਘਰ ਸੱਤ ਥੈਲੀਆਂ ਟੰਗੀਆਂ ਹੋਈਆਂ ਸਨ। ਲੱਖ-ਲੱਖ ਰੁਪੈ ਦੀ ਇਕ ਇਕ ਥੈਲੀ। ਗੁਰੂ ਜੀ ਨੇ ਪੁੱਛਿਆ, ਇਹ ਥੈਲੀਆਂ ਕਿਸਦੀਆਂ ਹਨ। ਦੂਨੀ ਚੰਦ ਆਖਿਆ 'ਮੇਰੀਆਂ' । ਤਦ ਗੁਰੂ ਜੀ ਇਕ ਸੂਈ ਦੂਨੀ ਚੰਦ ਨੂੰ ਦੇ ਕੇ ਆਖਿਆ, "ਇਹ ਰੱਖ ਲਵੋ ਅਸੀਂ ਅਗਲੇ ਜਹਾਨ ਲੈ ਲਵਾਂਗੇ। ਇਹ ਸੂਈ ਦੂਨੀ ਚੰਦ ਨੇ ਆਪਣੀ ਪਤਨੀ ਨੂੰ ਸਾਂਭ ਰੱਖਣ ਲਈ ਦੇ ਦਿੱਤੀ ਤਾਂ ਉਸ ਆਖਿਆ, "ਇਹ ਸੂਈ ਅੱਗੇ ਕਿਵੇਂ ਜਾਵੇਗੀ, ਇਸ ਨੂੰ ਹੁਣੇ ਹੀ ਮੋੜ ਆ।" ਤਾਂ ਗੁਰੂ ਸਾਹਿਬ ਨੇ ਕਿਹਾ ਕਿ, ਜੇ ਇਹ ਸੂਈ ਅੱਗੇ ਨਹੀਂ ਜਾਏਗੀ ਤਾਂ ਇਹ ਥੈਲੀਆਂ ਕਾਹਦੇ ਲਈ ਇੱਕਠੀਆਂ ਕਰੀ ਜਾਂਦਾ ਏਂ' । ਇਹ ਧਨ ਪਰਮੇਸ਼ਰ ਦੇ ਨਾਂ, ਲੋੜਵੰਦਾਂ ਨੂੰ ਅਤੇ

ਗਰੀਬ-ਗੁਰਬੇ ਦੇ ਮੂੰਹ ਪਾ ਤਾਂ ਤੇਰਾ ਜੀਵਨ ਸਫਲ ਹੋਵੇ।'' ਇਸ ਪਰਥਾਏ ਗੁਰੂ ਸਾਹਿਬ ਦਾ ਫੁਰਮਾਣ ਹੈ :

**ਘਾਲਿ ਖਾਇ ਕਿਛੁ ਹਥਹੁ ਦੇਇ ॥**
**ਨਾਨਕ ਰਾਹੁ ਪਛਾਣਹਿ ਸੇਇ ॥**

ਭਾਵ ਘਾਲਣਾ ਘਾਲਕੇ, ਦਸਾਂ ਨਹੁੰਆਂ ਦੀ ਸੁੱਚੀ ਕਾਰ ਕਰਕੇ ਕਮਾਈ ਕਰੋ ਪਰ ਇਸ ਵਿਚੋਂ ਲੋੜਵੰਦਾਂ ਲਈ ਕੁਝ ਦਿਉ ਤਾਂ ਹੀ ਅਸਲ ਮਾਰਗ ਦੀ ਪਛਾਣ ਹੋਵੇਗੀ।

ਭਾਈ ਲਾਲੋ ਦੀ ਸਾਖੀ ਤੋਂ ਤੁਸੀਂ ਜਾਣੂ ਹੀ ਹੋਵੋਗੇ। ਭਾਈ ਲਾਲੋ ਨੇਕ ਕਮਾਈ ਕਰਨ ਵਾਲਾ ਇਕ ਸੱਚਾ ਸੁੱਚਾ ਕਿਰਤੀ ਸੀ ਪਰ ਦੂਜੇ ਪਾਸੇ ਮਲਕ ਭਾਗੋ ਜਿਹੜਾ ਗਰੀਬਾਂ ਦੀ ਰੱਤ ਨਚੋੜਕੇ ਧਨ ਇਕੱਠਾ ਕਰਿਆ ਕਰਦਾ ਸੀ। ਗੁਰੂ ਨਾਨਕ ਦੇਵ ਜੀ ਨੇ ਮਲਕ ਭਾਗੋ ਦੇ ਮਹਾਨ ਯੱਗ ਉਤੇ ਜਾਣ ਦੀ ਥਾਂ ਭਾਈ ਲਾਲੋ ਦੇ ਹੱਥਾਂ ਦੀ ਕੋਧਰੇ ਦੀ ਰੋਟੀ ਖਾਣੀ ਮਨਜ਼ੂਰ ਕੀਤੀ ਪਰ ਭਾਗੋ ਦੀਆਂ ਪੂੜੀਆਂ ਤੇ ਹਲਵੇ ਤਿਆਗ ਦਿੱਤੇ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਹਰ ਵਰਗ ਦੇ ਲੋਕਾਂ ਨੂੰ ਨੇਕ ਕਮਾਈ ਅਤੇ ਸੱਚਾ ਸੁੱਚਾ ਜੀਵਨ ਗੁਜ਼ਾਰਨ ਦਾ ਉਪਦੇਸ਼ ਦਿੱਤਾ ਹੈ

ਕਿਰਸਾਨ ਲਈ ਹੁਕਮ ਹੈ :

**ਹੋਇ ਕਿਰਸਾਣੁ ਈਮਾਨੁ ਜੰਮਾਇ ਲੈ**
**ਭਿਸਤੁ ਦੋਜਕੁ ਮੂੜੇ ਏਵ ਜਾਣੀ ॥**

ਵਪਾਰੀ ਨੂੰ ਉਪਦੇਸ਼ ਹੈ :

**ਸੋ ਖਤ੍ਰੀ ਦਰਗਹ ਪਰਵਾਣੁ ॥**
**ਲਬੁ ਲੋਭ ਜੋ ਰੂੜ ਕਮਾਵੇ ॥**
**ਆਪਣਾ ਕੀਤਾ ਆਪੈ ਪਾਵੈ ॥**

ਵਣਜਾਰੇ ਲਈ ਉਪਦੇਸ਼ ਹੈ :

**ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ ॥**
**ਤੈਸੀ ਵਸਤੁ ਵਿਸਾਰੀਐ ਜੈਸੀ ਨਿਬਹੈ ਨਾਲਿ ॥**

ਨੌਕਰੀ ਕਰਨ ਵਾਲੇ ਨੂੰ ਕਿਹਾ ਹੈ :

**ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮ ॥**

ਗੁਰਬਾਣੀ ਵਿੱਚ ਇਕ ਥਾਂ ਆਇਆ ਹੈ :

**ਕਰਣੀ ਉਪਰਿ ਹੋਵਇ ਸਾਰ ॥**

ਭਾਵ ਜੋ ਨਿਬੇੜਾ ਹੋਣਾ ਹੈ ਉਹ ਤੁਹਾਡੀ ਕਰਨੀ ਭਾਵ ਨੇਕ ਕੰਮਾਂ ਉਤੇ ਹੀ ਹੋਣਾ ਹੈ ਤੇ ਨੇਕ ਕੰਮਾਂ ਵਿੱਚ ਸਭ ਤੋਂ ਪਹਿਲਾ ਸਥਾਨ ਨੇਕ ਕਮਾਈ ਨੂੰ ਦਿੱਤਾ ਗਿਆ ਹੈ। ਇਸਦੇ ਨਾਲ ਹੀ ਨੇਕੀ ਨਾਲ ਕੀਤੀ ਆਪਣੇ ਦਸਾਂ ਨਹੁਆਂ ਦੀ ਕਮਾਈ ਨੂੰ ਦਿੱਤਾ ਗਿਆ ਹੈ। ਇਸਦੇ ਨਾਲ ਹੀ ਨੇਕੀ

ਨਾਲ ਕੀਤੀ ਆਪਣੇ ਦਸਾਂ ਨਹੁਆਂ ਦੀ ਕਮਾਈ ਤੋਂ ਬਿਨਾਂ ਦੂਜੇ ਦੀ ਕਮਾਈ ਵਲ ਝਾਕਣ ਜਾਂ ਦੂਜੇ ਦੇ ਹੱਕ ਉਤੇ ਛਾਪਾ ਮਾਰਨ ਨੂੰ ਗੁਰਬਾਣੀ ਵਿੱਚ ਮੁਰਦਾਰ ਖਾਣਾ ਆਖਿਆ ਗਿਆ ਹੈ ਜਿਵੇਂ ਕਿ

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥**
**ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥**
**ਗਲੀ ਭਿਸਤ ਨ ਜਾਈਐ ਛੁਟੈ ਸਚੁ ਕਮਾਇ ॥**

ਭਾਵ ਅਸਲੀ ਨੇਕ ਪੁਰਸ਼ ਉਹੀ ਹੈ ਜੋ ਸੱਚ ਦੀ ਕਿਰਤ ਕਰਦਾ, ਪਰਾਇਆ ਹੱਕ ਨਹੀਂ ਖਾਂਦਾ ਅਤੇ ਆਪਣੀ ਹੱਕ ਦੀ ਕਮਾਈ ਵਿਚੋਂ ਵੀ ਪਰਸੁਆਰਥ ਅਤੇ ਲੋਕ ਭਲਾਈ ਲਈ ਦੇਂਦਾ ਹੈ। ਉਕਤ ਸ਼ਬਦ ਵਿੱਚ ਇਹ ਵੀ ਇਸਾਰਾ ਹੈ ਕਿ ਜੇਕਰ ਅਪਵਿੱਤਰ ਅਤੇ ਭ੍ਰਿਸ਼ਟਾਚਾਰੀ ਸਾਧਨਾਂ ਨਾਲ ਅਸੀਂ ਧਨ ਇਕੱਠਾ ਕਰਾਂਗੇ ਤੇ ਫਿਰ ਉਸਨੂੰ ਵਿਖਾਵੇ ਦੇ ਤੌਰ ਤੇ ਪੂਜਾ ਪਾਠ ਉਤੇ ਲਾਕੇ ਸੋਚਾਂਗੇ ਕਿ ਆਪਣੇ ਗੁਰੂ ਪੀਰ ਦੀ ਹਾਮੀ ਭਰਨ ਨਾਲ ਸਾਡੀ ਪਾਪ ਦੀ ਕਮਾਈ ਧਰਮ ਦੀ ਕਮਾਈ ਬਣ ਗਈ ਹੈ ਤਾਂ ਇਹ ਬਿਲਕੁਲ ਗਲਤ ਗੱਲ ਹੋਵੇਗੀ ਕਿਉਂ ਕਿ ਗੁਰੂ ਪੀਰ ਹਾਮਾ ਤਾਂ ਹੀ ਭਰਨਗੇ ਜੇਕਰ ਕਿ ਆਦਮੀ ਪਰਾਇਆ ਹੱਕ ਮਾਰਕੇ ਜਾਂ ਪਰਾਈ ਖੋਹਕੇ ਮੁਰਦਾਰ ਖਾਣ ਦੀ ਕੁਰੀਤੀ ਨਹੀਂ ਕਰੇਗਾ।

ਗੁਰਬਾਣੀ ਵਿੱਚ ਕਿਸੇ ਵੀ ਕਿੱਤੇ, ਕੰਮ ਜਾਂ ਕਿਰਤ ਨੂੰ ਬੁਰਾ ਨਹੀਂ ਆਖਿਆ, ਸਗੋਂ ਕਿਸੇ ਵੀ ਕੰਮ ਵਿੱਚ ਸੁਚਤਾ ਤੇ ਨੇਕੀ ਨੂੰ ਪਰਮੁੱਖ ਸਥਾਨ ਦਿੱਤਾ ਹੈ। ਭਾਵੇਂ ਤੁਸੀਂ ਦੁਕਾਨ ਕਰਦੇ ਹੋ, ਚਾਕਰੀ ਕਰਦੇ ਹੋ, ਵੈਦਗੀ ਕਰਦੇ ਹੋ ਜਾਂ ਸਾਹਿੱਤ ਲਿਖਦੇ ਹੋ , ਸਭ ਕੁਝ ਨੇਕ ਸਾਧਨਾਂ ਤੇ ਸੁੱਚੇ ਢੰਗਾਂ ਨਾਲ ਕਰਨ ਦਾ ਉਪਦੇਸ਼ ਹੈ ਕਿਉਂ ਕਿ ਗੁਰਬਾਣੀ ਵਿੱਚ ਆਉਂਦਾ ਹੈ :

**ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ ॥**
**ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ ॥**

ਅਤੇ ਨਾਲ ਹੀ :

**ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤ ॥**
**ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤ ॥**


# ਭਾਈ ਘਨੱਈਆ ਚੈਰੀਟੇਬਲ ਹਸਪਤਾਲ

ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ (ਬਠਿੰਡਾ) ਵਿਖੇ ਡਾ. ਮਨਤਾਰ ਸਿੰਘ ਜੀ ਫ਼ਰੀਦਕੋਟ ਤੋਂ ਅਤੇ ਡਾ. ਨਵਦੀਪ ਸਿੰਘ 'ਲੱਕੀ' ਹਰ ਬੁੱਧਵਾਰ ਸਵੇਰੇ 9 ਤੋਂ 11 ਵਜੇ ਤੱਕ ਦੰਦਾਂ ਦੀ ਜਾਂਚ ਤੇ ਇਲਾਜ ਲਈ ਆਉਂਦੇ ਹਨ। ਡਾ. ਗੁਰਿੰਦਰ ਮੋਹਨ ਸਿੰਘ ਜੀ ਫ਼ਰੀਦਕੋਟ ਤੋ ਹਰ ਸ਼ਨੀਵਾਰ ਸਵੇਰੇ 9 ਵਜੇ ਤੋ 11 ਵਜੇ ਤੱਕ ਦੰਦਾਂ ਦੀ ਜਾਂਚ ਤੇ ਇਲਾਜ ਲਈ ਆਉਂਦੇ ਹਨ। ਲੋੜਵੰਦ ਲਾਭ ਉਠਾਉਣ।

ਵੱਲੋਂ : ਭਾਈ ਘਨੱਈਆ ਸੇਵਾ ਸੁਸਾਇਟੀ ਯੂਨਿਟ, ਗੋਨਿਆਣਾ ਮੰਡੀ (ਬਠਿੰਡਾ)

# ਸਿੱਖ ਬੀਬੀਆਂ ਦੇ ਅਧਿਕਾਰ ਤੇ ਫਰਜ਼

- ਡਾ. ਗੁਰਸ਼ਰਨ ਜੀਤ ਸਿੰਘ

ਪੰਥ ਪ੍ਰਵਾਣਿਤ 'ਸਿੱਖ ਰਹਿਤ ਮਰਯਾਦਾ' ਇਕ ਬੜਾ ਮਹੱਤਵਪੂਰਨ ਦਸਤਾਵੇਜ ਹੈ, ਜਿਸ ਤੋਂ ਅਸੀਂ ਸੌਖਿਆਂ ਹੀ ਸਿੱਖ ਬੀਬੀਆਂ ਨੂੰ ਪ੍ਰਾਪਤ ਅਧਿਕਾਰਾਂ ਤੇ ਫਰਜ਼ਾਂ ਦਾ ਨਿਰਣਾ ਕਰ ਸਕਦੇ ਹਾਂ।

## ਸਿੱਖ ਬੀਬੀਆਂ ਦੇ ਅਧਿਕਾਰ

'ਸਿੱਖ ਰਹਿਤ ਮਰਯਾਦਾ' ਅਸੂਲੀ ਤੌਰ 'ਤੇ ਪੁਰਸ਼ ਤੇ ਇਸਤਰੀ ਵਿੱਚ ਕੋਈ ਭੇਦ ਨਹੀਂ ਮੰਨਦੀ ਤੇ ਹਰ ਖੇਤਰ ਵਿੱਚ ਪੁਰਸ਼ ਦੇ ਬਰਾਬਰ ਅਧਿਕਾਰ, ਇਸਤਰੀ ਨੂੰ ਪ੍ਰਦਾਨ ਕਰਦੀ ਹੈ। ਆਓ ! ਇਨ੍ਹਾਂ ਨੂੰ ਵਾਚੀਏ-

**ਸਿੱਖ ਦੀ ਤਾਰੀਫ਼-** 'ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ) ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸਚਾ ਰੱਖਦਾ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ , ਉਹ ਸਿੱਖ ਹੈ।

ਇਸ ਲਿਹਾਜ ਤੋਂ ਸਿੱਖ ਬੀਬੀ ਲਈ 'ਸਿੱਖਣੀ' ਸ਼ਬਦ ਵਰਤਣਾ ਵਾਜਿਬ ਨਹੀਂ। ਸਭ 'ਸਿੱਖ' ਹਨ। ਇਸ ਪਰਿਭਾਸ਼ਾ 'ਚ ਨੋਟ ਕਰਨ ਵਾਲੀ ਗੱਲ ਇਹ ਵੀ ਹੈ ਕਿ 'ਇਸਤਰੀ ਸ਼ਬਦ 'ਪੁਰਸ਼ ਤੋਂ ਪਹਿਲਾਂ ਆਇਆ ਹੈ ਤੇ ਉਸ ਦੇ ਸਿੱਖ ਬਣਨ ਲਈ ਵੀ ਉਹੀ ਸ਼ਰਤਾ ਹਨ ਜੋ ਪੁਰਸ਼ ਦੇ ਸਿੱਖ ਹੋਣ ਲਈ ਜ਼ਰੂਰੀ ਹਨ।

**ਰੋਜ਼ਾਨਾ ਅਰਦਾਸ** : ਸਿੱਖ ਅਰਦਾਸ, ਸਿੱਖ ਸਿਧਾਂਤਾਂ ਤੇ ਸਿੱਖਾਂ ਦੇ ਕੁਰਬਾਨੀਆਂ ਭਰੇ ਇਤਿਹਾਸ ਦੀ ਝਲਕੀ ਦਿੰਦੀ ਹੈ। ਅਰਦਾਸ ਵਿੱਚ ਆਪਣੇ ਗੁਰੂ ਸਾਹਿਬਾਨਾਂ, ਮਹਾਪੁਰਸ਼ਾਂ ਤੇ ਸ਼ਹੀਦਾਂ ਪ੍ਰਤੀ ਆਭਾਰ ਪ੍ਰਗਟ ਕਰਨ ਲਈ , ਉਨ੍ਹਾਂ ਨੂੰ ਯਾਦ ਕੀਤਾ ਜਾਂਦਾ ਹੈ - ਇਨ੍ਹਾਂ 'ਚ ਸਿੱਖ ਬੀਬੀਆਂ ਲਈ ਵੀ ਸਤਿਕਾਰ ਪੇਸ਼ ਕੀਤਾ ਜਾਂਦਾ ਹੈ।

"ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ... ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ, ਬੋਲੋ ਜੀ ਵਾਹਿਗੁਰੂ।"

**ਪਰਦੇ ਵਿਰੁੱਧ** : ਸਿੱਖ ਰਹਿਤ ਮਰਯਾਦਾ, ਸਿੱਖ ਬੀਬੀਆਂ ਨੂੰ ਪਰਦੇ ਦੀ ਗੁਲਾਮੀ ਤੋਂ ਮੁਕਤ ਕਰਦੀ ਹੈ। ਇਸ ਮਰਯਾਦਾ ਵਿੱਚ ਆਦੇਸ਼ ਹੈ : 'ਸੰਗਤ ਵਿੱਚ ਸਿੱਖ ਇਸਤਰੀਆਂ ਲਈ ਪਰਦਾ ਕਰਨਾ ਜਾਂ ਘੁੰਡ ਕੱਢਣਾ ਗੁਰਮਤਿ ਵਿਰੁੱਧ ਹੈ।

ਮੁਸਲਮਾਨ ਅਤੇ ਦਿਹਾਤੀ ਔਰਤਾਂ ਵੀ ਅੱਜਕਲ੍ਹ ਪਰਦਾ ਕਰਨ ਦੇ ਵਿਰੁੱਧ ਹਨ। ਪਰ ਗੁਰਮਤਿ ਨੇ ਚਾਰ-ਪੰਜ ਸੌ ਵਰ੍ਹੇ ਪਹਿਲਾਂ ਹੀ ਇਸਤਰੀਆਂ ਲਈ ਇਸ ਪਾਬੰਦੀ ਨੂੰ ਗੈਰ-ਜ਼ਰੂਰੀ ਦੱਸ ਦਿੱਤਾ ਸੀ।

**ਤਖ਼ਤਾਂ ਉਪਰ ਜਾਣ ਦਾ ਅਧਿਕਾਰ** : ਅੰਮ੍ਰਿਤਧਾਰੀ ਬੀਬੀਆਂ, ਅੰਮ੍ਰਿਤਧਾਰੀ ਸਿੰਘਾਂ ਵਾਂਗ ਤਖ਼ਤਾਂ ਦੇ ਖਾਸ ਅਸਥਾਨਾਂ ਉਤੇ ਜਾ ਸਕਣ ਦਾ ਅਧਿਕਾਰ ਰੱਖਦੀਆਂ ਹਨ।

**ਕੀਰਤਨ ਦੀ ਰੋਕ ਨਹੀਂ** : 'ਸਿੱਖ ਰਹਿਤ ਮਰਯਾਦਾ' ਹਰ ਸਿੱਖ ਨੂੰ ਕੀਰਤਨ ਦਾ ਅਧਿਕਾਰ ਦਿੰਦੀ ਹੈ। ਸਿੱਖ ਬੀਬੀਆਂ ਉਪਰ ਕੋਈ ਬੰਦਸ਼ ਨਹੀਂ। ਉਹ ਕਥਾ ਕਰ ਸਕਦੀ ਹੈ, ਹੁਕਮ ਲੈ ਸਕਦੀ ਹੈ ਤੇ ਤਾਬਿਆ ਵੀ ਬੈਠ ਸਕਦੀ ਹੈ। ਭਾਵੇਂ ਕਿ ਬ੍ਰਾਹਮਣੀ ਸੰਸਕਾਰਾਂ ਦੇ ਪ੍ਰਭਾਵ ਕਾਰਨ ਸਿੱਖ ਬੀਬੀਆਂ ਨੂੰ ਅਜਿਹੇ ਅਧਿਕਾਰ ਨਹੀਂ ਦਿੱਤੇ ਜਾ ਸਕੇ।

**ਗੁਰੂ ਗ੍ਰੰਥ ਸਾਹਿਬ ਦੇ ਪਾਠ ਕਰਨ ਦਾ ਅਧਿਕਾਰ** : ਕੋਈ ਹਿੰਦੂ ਬੀਬੀ ਵੇਦਾਂ ਦੇ ਮੰਤਰਾਂ

ਦਾ ਉਚਾਰਣ ਨਹੀਂ ਕਰ ਸਕਦੀ , ਕੋਈ ਮੁਸਲਿਮ ਤੀਵੀਂ ਮੁਲਾ/ਕਾਜ਼ੀ ਨਹੀਂ ਹੋ ਸਕਦੀ। ਪਰ ਸਿੱਖ ਬਣਕੇ ਇਸਤਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰ ਸਕਦੀ ਹੈ ਤੇ ਉਪਦੇਸ਼ ਸੁਣਾ ਸਕਦੀ ਹੈ।

ਕੰਨਿਆ ਮਾਰਨ ਵਿਰੁੱਧ ਚਿਤਾਵਨੀ, 'ਸਿੱਖ ਰਹਿਤ ਮਰਯਾਦਾ' ਸਮਾਜ ਵਿੱਚ ਪ੍ਰਚੱਲਿਤ ਇਸ ਰਿਵਾਜ਼ ਦੀ ਸਖਤ ਵਿਰੋਧੀ ਹੈ, ਜਿਸ ਮੁਤਾਬਕ ਧੀਆਂ ਨੂੰ ਜੰਮਦਿਆਂ ਹੀ ਮਾਰ ਦਿੱਤਾ ਜਾਂਦਾ ਸੀ/ਹੈ। ਇਸਤਰੀ ਤੇ ਮਰਦ ਵਿੱਚ ਕੋਈ ਭਿੰਨ-ਭੇਦ ਨਹੀਂ ਮੰਨਿਆ ਗਿਆ। ਸਿੱਖ, ਬੱਚੇ/ਬੱਚੀ ਦੇ ਪਾਲਣ ਤੇ ਵਿੱਦਿਆ ਵਿੱਚ ਕੋਈ ਵਿਤਕਰਾ ਨਾ ਕਰੇ।

ਅੱਜਕੱਲ੍ਹ ਧੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਮਾਰਨ ਦੀ ਡਾਕਟਰੀ ਵਿਧੀ ਪ੍ਰਚਲਿਤ ਹੋ ਗਈ ਹੈ ਤੇ ਕਈ ਸਿੱਖ ਇਸ ਵਿਧੀ ਨੂੰ ਅਪਣਾਅ ਕੇ, ਪਾਪ ਦੇ ਭਾਗੀਦਾਰ ਬਣ ਰਹੇ ਹਨ ਭਾਵੇਂ ਕਿ 'ਸਿੱਖ ਰਹਿਤ ਮਰਯਾਦਾ' ਇਸ ਤੋਂ ਸਾਨੂੰ ਵਰਜਦੀ ਹੈ। ਪਰ ਜਨਮ ਤੋਂ ਪਹਿਲਾ ਗਰਭ ਵਿੱਚ ਹੀ ਲੜਕੀ ਨੂੰ ਮਾਰਨ ਬਾਰੇ 'ਸਿੱਖ ਰਹਿਤ ਮਰਯਾਦਾ' ਵਿੱਚ ਸਪਸ਼ਟ ਰੂਪ 'ਚ ਸਖ਼ਤ ਮਨਾਹੀ ਦਰਜ ਕਰਨ ਦੀ ਅੱਜ ਡਾਢੀ ਲੋੜ ਹੈ।

**ਘੱਟ ਬਾਰਾਤ ਬਾਰੇ ਆਦੇਸ਼** - ਪੰਥ ਪ੍ਰਵਾਣਿਤ 'ਸਿੱਖ ਰਹਿਤ ਮਰਯਾਦਾ' ਆਦੇਸ਼ ਦਿੰਦੀ ਹੈ ਕਿ 'ਜਿਤਨੇ ਥੋੜ੍ਹੇ ਆਦਮੀ ਲੜਕੀ ਵਾਲਾ ਮੰਗਾਵੇ, ਉਤਨੇ ਨਾਲ ਲੈ ਕੇ ਲੜਕਾ ਸਹੁਰੇ ਘਰ ਜਾਵੇ''। ਭਾਵ ਕਿ ਲੜਕੀ ਵਾਲਿਆਂ ਸਿਰ ਕੋਈ ਬੋਝ ਨਹੀਂ ਪਾਉਣਾ। ਇਹ ਸੱਭਿਅਕ ਵਿਅਕਤੀਆਂ ਦੀ ਪਹਿਚਾਣ ਹੈ।

**ਬੇਟੀ ਵਾਲਿਆਂ ਦੇ ਹੱਕ** : ਆਮ ਤੌਰ 'ਤੇ ਰੂੜੀਵਾਦੀ ਸਮਾਜ ਵਿਚ ਬੇਟੀ ਵਾਲਿਆਂ ਵੱਲੋਂ ਜੁਆਈ/ਕੁੜਮਾਂ ਦੇ ਘਰੋਂ ਖਾਣ ਨੂੰ ਬੁਰਾ ਸਮਝਿਆ ਜਾਂਦਾ ਹੈ। ਇਹ ਵੀ ਮਰਦ ਪ੍ਰਧਾਨ ਸਮਾਜ ਦੀ ਕਾਢ ਹੈ ਤਾਂ ਜੁ ਲੜਕੀ ਦੇ ਮਾਂ-ਬਾਪ ਨੂੰ ਭੋਜਨ ਆਦਿ ਨਾ ਛਕਾਉਣਾ ਪਵੇ ਇਹ ਇਕ ਪਿਛਾਂਹਖਿੱਚੂ ਰੀਤ ਹੈ। 'ਸਿੱਖ ਰਹਿਤ ਮਰਾਯਾਦਾ' ਦਾ ਇਸ ਪ੍ਰਥਾਇ ਨਿਰਣਾ ਹੈ।

''ਜੇ ਬਾਲਕੀ ਦੇ ਮਾਪੇ ਕਦੇ ਸਬੱਬ ਨਾਲ ਬਾਲਕੀ ਦੇ ਗ੍ਰਿਹਿ ਵਿਖੇ ਜਾਣ ਅਤੇ ਉਥੇ ਪ੍ਰਸਾਦਿ ਤਿਆਰ ਹੋਵੇ, ਤਾਂ ਖਾਣ ਤੋਂ ਪਹਿਲਾਂ ਸੰਕੋਚਣਾ ਨਹੀਂ। ਅੰਨ ਨਾ ਖਾਣਾ ਸਭ ਭਰਮ ਹੈ। ਖਾਲਸੇ ਨੂੰ ਖਾਣਾ ਖਵਾਉਣਾ ਸ੍ਰੀ ਗੁਰੂ ਬਾਬੇ ਅਕਾਲ ਪੁਰਖ ਬਖ਼ਸ਼ਿਆ ਹੈ। ਬੇਟੀ-ਬੇਟੇ ਵਾਲੇ ਆਪਸ ਮੇ ਖਾਂਦੇ ਰਹਿਣ ,ਇਸ ਵਾਸਤੇ ਜੋ ਗੁਰੂ ਨੇ ਦੋਵੇਂ ਸਾਕ ਇਕ ਕੀਤੇ ਹਨ।

**ਸਿੱਖ ਬੀਬੀ ਨੂੰ ਪੁਨਰ-ਵਿਆਹ ਦਾ ਅਧਿਕਾਰ**:- ਇਸਤਰੀ ਨੂੰ ਕਿਹਾ ਜਾਂਦਾ ਸੀ । ਪਤੀ-ਪਰਮੇਸ਼ਰ ਹੈ, ਭਾਵੇ ਉਹ ਵਿਭਚਾਰੀ, ਸ਼ਰਾਬੀ ਜਾਂ ਵੱਡਾ ਐਬੀ ਹੀ ਹੋਵੇ। ਇਸਤਰੀ ਉਸ ਕੋਲੋਂ ਜ਼ਲੀਲ ਹੁੰਦੀ ਰਹੇ, ਪਰ ਉਸ ਦਾ ਵਿਰੋਧ ਨਹੀਂ ਕਰਨਾ। ਇਹ ਸਭ ਰੂੜੀਵਾਦ ਤੇ ਪਿਛਾਹਖਿੱਚੂ ਸਮਾਜ ਦੀ ਹੀ ਦੇਣ ਹੈ। ਹਿੰਦੁਸਤਾਨ ਵਿੱਚ ਇਸਤਰੀ ਨੂੰ ਪਤੀ ਦੀ ਮੌਤ ਨਾਲ ਹੀ ਸਤੀ ਹੋਣਾ ਪੈਂਦਾ ਸੀ ਜਾਂ ਵਿਧਵਾ ਬਣ ਕੇ ਜਿਊਣਾ ਪੈਂਦਾ ਸੀ। ਅਜਿਹੀਆਂ ਵਿਧਵਾਵਾਂ -ਦੀ ਅਸਲ ਜ਼ਿੰਦਗੀ ਬੜੀ ਤਰਸਯੋਗ ਹੁੰਦੀ ਹੈ ਤੇ ਜੇਕਰ ਕਿਸੇ ਨੇ ਦੇਖਣੀ ਹੋਵੇ ਤਾਂ ਉਹ ਬਰਿੰਦਾਬਨ 'ਚ ਦੇਖ ਲਵੇ।

'ਸਿੱਖ ਰਹਿਤ ਮਰਯਾਦਾ' ਕਿਸੇ ਵੀ ਮਰਦ ਵਾਂਗ ਇਸਤਰੀ ਨੂੰ ਵੀ ਇਹ ਅਧਿਕਾਰ ਦਿੰਦੀ ਹੈ ਕਿ ਪਤੀ ਦੇ ਮਰਨ ਉਪਰੰਤ ਉਹ ਪੁਨਰ-ਵਿਆਹ ਕਰ ਸਕਦੀ ਹੈ।

ਇਉਂ ਅਸੀਂ ਦੇਖਦੇ ਹਾਂ ਕਿ ਸਿੱਖ ਧਰਮ, ਬੀਬੀਆਂ ਨੂੰ ਮਰਦ ਦੇ ਸਮਾਨ ਪੂਰੇ ਅਧਿਕਾਰ ਦਿੰਦਾ ਹੈ।

## ਸਿੱਖ ਬੀਬੀਆਂ ਦੇ ਫ਼ਰਜ਼

'ਸਿੱਖ ਰਹਿਤ ਮਰਯਾਦਾ' ਸਿੱਖ ਬੀਬੀਆਂ ਨੂੰ ਬੇਮਿਸਾਲ ਅਧਿਕਾਰ ਦਿੰਦੀ ਹੈ ਤੇ ਨਾਲ ਹੀ ਉਸ ਤੋਂ ਹੇਠ ਲਿਖੀਆਂ ਆਸਾਂ ਭੀ ਕਰਦਾ ਹੈ, ਜੋ ਕਿ ਇਸਤਰੀਆਂ ਨੂੰ ਧਾਰਮਿਕ ਫ਼ਰਜ਼ ਸਮਝ ਕੇ ਪੂਰੀਆਂ ਕਰਨੀਆਂ ਚਾਹੀਦੀਆਂ ਹਨ :

–ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ ਤੇ ਗੁਰਬਾਣੀ ਬਿਨਾਂ ਕਿਸੇ ਹੋਰ ਨੂੰ ਨਾ ਮੰਨੇ। ਬੀਬੀਆਂ ਦੇ ਆਸਰੇ ਹੀ ਸਾਰੇ ਪਾਖੰਡੀ ਲੋਕਾਂ ਦੇ ਪਾਖੰਡ ਚੱਲ ਰਹੇ ਹਨ। ਸਿੱਖ ਬੀਬੀਆਂ ਨੂੰ ਆਪਣੀ ਤੇ ਆਪਣੇ ਪਤੀ ਦੀ ਇਜ਼ਤ ਨੂੰ ਮੁੱਖ-ਰੱਖਦਿਆਂ ਕੱਚ-ਘਰੜ ਬਾਬਿਆਂ ਦੇ ਚੱਕਰ ਤੋਂ ਬਚਣਾ ਚਾਹੀਦਾ ਹੈ । ਤੇ ਦਸਾਂ ਨਹੁੰਆਂ ਦੀ ਕਿਰਤ-ਕਮਾਈ ਅਜਿਹੇ ਪਾਖੰਡੀਆਂ ਦੀ ਝੋਲੀ ਨਹੀਂ ਪਾਉਣੀ ਚਾਹੀਦੀ।

– ਸਿੱਖ ਬੀਬੀਆਂ ਨੂੰ ਅੰਮ੍ਰਿਤ ਛਕ ਕੇ, ਚੜ੍ਹਦੀ ਕਲਾ ਵਾਲਾ ਜੀਵਨ ਧਾਰਨ ਕਰਨਾ ਚਾਹੀਦਾ ਹੈ। ਨਿਤਨੇਮੀ ਬੀਬੀਆਂ ਦੇ ਬੱਚੇ ਚੰਗੇ ਸ਼ਹਿਰੀ ਬਣਨਗੇ।

– ਗੁਰੂ ਗ੍ਰੰਥ ਸਾਹਿਬ ਜੀ ਦੇ ਪੰਘੂੜੇ/ਪੀੜ੍ਹੀ ਦੇ ਪਾਵਿਆਂ ਨੂੰ ਮੁੱਠੀਆਂ ਭਰਨੀਆਂ, ਕੰਧਾਂ ਜਾ ਥੜ੍ਹਿਆਂ 'ਤੇ ਨੱਕ ਰਗੜਨੇ, ਮੂਰਤੀਆਂ ਅੱਗੇ ਮੱਥੇ ਟੇਕਣੇ ਛੱਡਣੇ ਚਾਹੀਦੇ ਹਨ।

– ਸਿੱਖ ਬੀਬੀ ਦਾ ਪਹਿਰਾਵਾ ਅਜਿਹਾ ਹੋਵੇ, ਜਿਸ ਤੋਂ ਨੰਗੇਜ਼ ਨਾ ਦਿੱਸੇ। ਸਿੱਖ ਬੀਬੀਆਂ ਨੱਕ ਤੇ ਕੰਨ ਨਾ ਛੇਦਣ।

–ਵਰਤ (ਕਰਵਾ ਚੌਥ ਵਿਸ਼ੇਸ਼ ਕਰਕੇ) ਨਾ ਰੱਖੇ ਜਾਣ।

–ਸਿੱਖ ਬੀਬੀਆਂ ਕੇਸਾਂ ਜਾਂ ਭਰਵੱਟਿਆਂ ਦੇ ਰੋਮਾਂ ਦੀ ਬੇਅਦਬੀ ਨਾ ਕਰਨ।

–ਸਿਰ ਦੁਪੱਟੇ ਨਾਲ ਢੱਕ ਕੇ ਰੱਖਣ।

–ਸਿੱਖ ਬੀਬੀਆਂ ਆਪਣੇ ਨਾਂ ਨਾਲ 'ਕੌਰ' ਲਿਖਣ।

–ਸਿੱਖ ਬੀਬੀਆਂ ਦਾ ਵਿਆਹ ਸਿੱਖ ਨਾਲ ਹੀ ਹੋਵੇ।

–ਸਿੱਖ ਬੀਬੀਆਂ (ਨੂੰਹਾਂ-ਸੱਸਾਂ) ਪਰਿਵਾਰਾਂ ਵਿੱਚ ਸੁਖਾਵਾਂ ਤੇ ਪ੍ਰੇਮ-ਭਰਪੂਰ ਵਾਤਾਵਰਣ ਸਿਰਜਣ।

ਉਪਰੋਕਤ ਸਾਰੀ ਚਰਚਾ ਸਪਸ਼ਟ ਕਰਦੀ ਹੈ ਕਿ ਸਿੱਖ ਪੰਥ ਵਿੱਚ ਇਸਤਰੀ ਦਾ ਪੂਰਾ ਸਤਿਕਾਰ ਹੈ, ਕੇਵਲ ਅਖੌਤੀ ਬਰਾਬਰੀ ਨਹੀਂ। ਬੇਸ਼ਕ ! 'ਸਿੱਖ ਰਹਿਤ ਮਰਯਾਦਾ' ਬਣਾਉਣ ਵਾਲੀ ਕਮੇਟੀ 'ਚ ਕੋਈ ਬੀਬੀ ਨਹੀਂ ਸੀ, ਇਸ ਦੇ ਬਾਵਜੂਦ ਸਿੱਖ ਬੀਬੀਆਂ ਨਾਲ ਗੁਰਮਤਿ ਦੀ ਰੋਸ਼ਨੀ ਵਿੱਚ ਪੂਰਾ ਇਨਸਾਫ ਹੋਇਆ ਹੈ।



# ਭਾਈ ਕਨ੍ਹਈਆ

ਕਈ ਅਨੇਕਾਂ ਕਹਿ ਕਹਿ ਹਾਰੇ, ਕਹੀ ਨ ਗਈ ਅਕੱਥ ਕਹਾਣੀ ।
ਕਲਗੀਧਰ ਸਤਿਗੁਰ ਦੀ ਮਹਿਮਾਂ, ਕਿੰਵ ਕਰਸੀ ਇਹ ਜੀਭ ਨਿਮਾਣੀ ।
ਵੇਖ ਖ਼ੁਦਾ ਖ਼ੁਦ ਪਟਨੇ ਆਇਆ, ਭੀਖਨ ਖੇਡੀ ਖੇਡ ਨਿਆਰੀ ।
ਚੁਕ ਮਸੁੱਲਾ ਲਹਿੰਦੇ ਵਲੋਂ ਚੜ੍ਹਦੇ ਵਲ ਨਿਮਾਜ਼ ਗੁਜ਼ਾਰੀ ।
ਕੀ ਦੱਸਾਂ ਸ਼ਿਵਦੱਤ ਬ੍ਰਾਹਮਣ, ਗੋਬਿੰਦ ਚੋਂ ਜਦ ਰਾਮ ਵੇਖਿਆ ।
ਬਾਰ ਬਾਰ ਬਾਲਾ ਪ੍ਰੀਤਮ ਨੂੰ, ਝੁਕ ਕਰਦਾ ਪਰਣਾਮ ਦੇਖਿਆ ।
ਵੰਡ ਅਨੰਦ, ਅਨੰਦ ਪੁਰੀ ਵਿਚ, ਕੱਠੇ ਚਾਰੇ ਵਰਨ ਬਿਠਾਏ ।
'ਸਭ ਮਹਿ ਜੋਤਿ ਜੋਤਿ ਹੈ ਸੋਇ' ਇਹ ਕਹਿ ਸਾਰੇ ਭੇਦ ਮਿਟਾਏ ।
ਠੁਕਰਾਇਆਂ ਲਈ ਬਣੇ ਸਹਾਰਾ, ਮਜ਼ਦੂਰਾਂ ਲਈ ਮਿੱਤਰ ਸਨੇਹੀ ।
'ਨੀਚਹੁ ਊਚ ਕਰੇ ਮੇਰਾ ਗੋਬਿੰਦ,' 'ਗੂੰਜੇ ਗੂੰਜ ਚੌਫੇਰੇ ਏਹੀ ।
ਬੈਠੇ ਸਨ ਦਰਬਾਰ 'ਚ ਇੱਕ ਦਿਨ ਕੁਝ ਸਿੱਘਾਂ ਆ ਇਓਂ ਸੁਨਾਈ ।
ਕਹਿਰ ਹੋ ਗਿਆ, ਗਜ਼ਬ ਹੋ ਗਿਆ ਭਾਈ ਕਨ੍ਹਈਏ ਹੱਦ ਮੁਕਾਈ ।
ਅਸੀਂ ਮਾਰੀਏ ਅਸੀਂ ਕੱਟੀਏ ਪਿਰਤ ਨਵੀਂ ਉਹ ਪਾਈ ਜਾਂਦਾ ।
ਵੈਰੀਆਂ ਤਾਈਂ ਪਲਾਂਦਾ ਪਾਣੀ ਮਰਦਿਆਂ ਤਾਈਂ ਜਿਵਾਂਈ ਜਾਂਦਾ ।
ਇਹ ਸੁਣ ਅਗਮ ਅਡੋਲ ਪਾਤਸ਼ਾਹ, ਬੋਲੇ, ਸਦੋ ਭਾਈ ਕਨ੍ਹਈਆ ।
ਆਏ ਕਨ੍ਹਈਆ, ਪੁੱਛਿਆ ਸਤਿਗੁਰ ਕਿਓ ਭਾਈ । ਇਹ ਠੀਕ ਰਵੱਈਆ ।
ਕਹਿਆ ਕਨ੍ਹਈਏ, ਉਹੀ ਰਵੱਈਆ, ਮੈਂ ਨਹੀਂ ਪਿਰਤ ਨਵੀਂ ਕੋਈ ਪਾਈ ।
ਮੈਂ ਤਾ ਓਹੋ ਕਾਰ ਹੈ ਕੀਤੀ, ਜਿਹੜੀ ਸਤਿਗੁਰ ਤੁਸਾਂ ਕਰਾਈ ।
ਕੀਤਾ ਜਦ ਤੋਂ ਦਰਸ਼ ਤੁਹਾਡਾ, ਮਨ ਵਿੱਚ ਇਕੋ ਤੁਕ ਵਸਾਈ ।
'ਨ ਕੋ ਬੈਰੀ ਨਹੀਂ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ' ।
ਜਦ ਕੋਈ ਫੱਟੜ ਮੰਗਦੈ ਪਾਣੀ, ਪਹਿਲੋਂ ਸੁਣ ਕੇ ਸ਼ੁਕਰ ਮਨਾਣਾ ।
ਸੌ ਸੌ ਵਾਰ ਝੁਕਾ ਕੇ ਮੱਥਾ ਫਿਰ ਉਸ ਮੂੰਹ ਵਿਚ ਪਾਣੀ ਪਾਨਾ ।
ਕੀਤੀ ਜਿਨ੍ਹਾਂ ਸ਼ਿਕਾਇਤ ਸਤਿਗੁਰ ਓਹ ਕੀ ਜਾਣਨ ਪ੍ਰੇਮ ਦਾ ਦੁਖੜਾ ।
ਮੈਂ ਜਿਸ ਮੂੰਹ ਵਿਚ ਪਾਣੀ ਪਾਨਾ ਮੈਨੂੰ ਦਿਸਦੈ ਤੁਸਾ ਦਾ ਮੁਖੜਾ ।
ਜਦੋਂ ਮੇਰਾ ਮਹਿਬੂਬ ਪਾਤਸ਼ਾਹ, ਕਿਸੇ ਰੂਪ ਵਿਚ ਪਾਣੀ ਮੰਗੇ ।
ਕੋਈ ਦਸੋ, ਫਿਰ ਭਾਈ ਕਨ੍ਹਈਆ, ਕੀਕੂੰ ਪਾਣੀ ਦੇਣੋ ਸੰਗੇ ।
ਇਹ ਸੁਣ ਉਠੇ ਕਲਗੀਆਂ ਵਾਲੇ ਛਾਤੀ ਨਾਲ ਕਨ੍ਹਈਆ ਲਾਇਆ ।
ਨਦਰੀ ਨਦਰ ਨਿਹਾਲ ਕਨ੍ਹਈਆ, ਪਾਵਨ ਮੁੱਖ ਤੋਂ ਇਹ ਫੁਰਮਾਇਆ ।
ਜੀਵਨ ਮੁਕਤ ਕਨ੍ਹਈਆ ਹੋਇਆ, ਜੀਵਨ ਜੁਗਤ ਕਨ੍ਹਈਏ ਜਾਣੀ ।

ਸਾਡੇ ਤੀਕ ਕਨ੍ਹਈਆ ਪੁੱਜਿਆ, ਸੇਵਾ ਸਿਮਰਨ ਦੇ ਰਾਹ ਥਾਣੀ ।
ਫਿਰ ਸਤਿਗੁਰ ਦਾ ਸਮਝ ਇਸ਼ਾਰਾ, ਦਿਆ ਸਿੰਘ ਕੋਈ ਵਸਤ ਲਿਆਇਆ ।
ਹੱਥਾਂ ਵਿਚ ਵਸਤ ਲੈ ਸਤਿਗੁਰ, ਪਾਵਨ ਮੁੱਖ ਤੋਂ ਇਹ ਫੁਰਮਾਇਆ ।
ਆਹ ਲੈ, ਅੱਜ ਉਏ ਭਾਈ ਕਨ੍ਹਈਆ, ਤੈਨੂੰ ਵਸਤ ਅਨੋਂਖੀ ਲੱਭੀ ।
ਜਿਥੇ ਕਿਤੇ ਪਿਆਏਂ ਪਾਣੀ, ਰੱਖੀ ਕੋਲ ਮਲ੍ਹਮ ਦੀ ਡੱਬੀ ।
ਜਦ ਕੋਈ ਫੱਟੜ ਮੰਗੇ ਪਾਣੀ, ਪਹਿਲੇ ਉਸ ਨੂੰ ਨੀਰ ਪਿਆਈਂ ।
ਉਏ ਹਮਦਰਦਾ ਨਾਲ ਪਿਆਰਾਂ, ਫਿਰ ਫੱਟਾਂ ਤੇ ਮਲ੍ਹਮ ਲਗਾਈਂ ।
ਖਲਕਤ ਦੇ ਵਿਚ ਖਾਲਕ ਵਸਦੈ,ਖਿਦਮਤ ਕਰੀਏ ਖਾਲਕ ਦਿਸਦੈ ।
ਦਿਆ ਭਾਵਨਾ ਦੀ ਤਕਣੀ ਨੂੰ, ਹਰ ਮੁਖੜੇ ਚੋਂ ਮਾਲਕ ਦਿਸਦੈ ।
ਸੂਰਜ ਚੰਦ ਸਿਤਾਰੇ ਜਦ ਤੱਕ, ਤਦ ਤੱਕ ਧਰਤ ਆਬਾਦ ਰਹੇਗੀ ।
'ਸ਼ੁਗਲ' ਆਖਦਾ, ਭਾਈ ਕਨ੍ਹਈਆ ! ਤਦ ਤੱਕ ਤੇਰੀ ਯਾਦ ਰਹੇਗੀ ।

- ਜੈ ਸਿੰਘ 'ਸ਼ੁਗਲ' ਕਾਹਨਪੁਰੀ

---


ੴ ਸਤਿਗੁਰ ਪ੍ਰਸਾਦਿ ॥

ਹੋਲੀ ਕੀਨੀ ਸੰਤ ਸੇਵ, ਰੰਗ ਲਾਗਾ ਅਤਿ ਲਾਲ ਦੇਵ ॥

ਗੁਰਦੁਆਰਾ ਥੜ੍ਹਾ ਸਾਹਿਬ, ਜੌੜੀਆਂ (ਯੁਮਨਾਨਗਰ, ਹਰਿਆਣਾ)

ਮਿਤੀ: **15, 16,17,18 ਅਤੇ 19 ਮਾਰਚ 2003 ਨੂੰ**

## ਹੋਲਾ-ਮਹੱਲਾ ਅਤੇ ਅਲੌਕਿਕ ਗੁਰਮਤਿ ਸਮਾਗਮ

ਸਰਬੱਤ ਸਾਧ ਸੰਗਤ ਨੂੰ ਯਾਦ ਦਿਵਾਉਂਦੇ ਹਾਂ ਕਿ ਹਰ ਸਾਲ ਵਾਂਗ ਉਪਰੋਕਤ ਸਮਾਗਮ ਬੜੀ ਸ਼ਰਧਾ, ਪ੍ਰੇਮ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ । ਜਿਸ ਵਿੱਚ ਪੰਥ ਦੇ ਪ੍ਰਸਿੱਧ ਗੁਣੀ-ਗਿਆਨੀ, ਢਾਡੀ ਕੀਰਤਨੀ ਜੱਥੇ ਅਤੇ ਕਥਾ ਵਾਚਕ ਅੰਮ੍ਰਿਤ ਕੀਰਤਨ ਰਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ । ਸਰਬੱਤ-ਸੰਗਤਾਂ ਨੂੰ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਸਮਾਗਮ ਵਿੱਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਬਖ਼ਸ਼ਣੀ ਤੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨੀਆਂ ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ ।

ਦਰਸ਼ਨ ਅਭਿਲਾਸ਼ੀ :

ਮਹੰਤ ਕਰਮਜੀਤ ਸਿੰਘ — ਮਹੰਤ ਤੀਰਥ ਸਿੰਘ ਜੀ (ਪ੍ਰਧਾਨ)
ਪ੍ਰਧਾਨ ਸੰਤ ਨਿਸ਼ਚਲ ਸਿੰਘ — ਸੇਵਾ ਪੰਥੀ ਅੱਡਣ ਸ਼ਾਹੀ ਸਭਾ (ਰਜਿ:)
ਸੰਤਪੁਰਾ ਯਮੁਨਾਨਗਰ ਟ੍ਰਸਟ (ਰਜਿ:) ਯਮੁਨਾਨਗਰ

**Ph : 01732-251468,279713,279913,226110,228790**

**Mobile : 98120-29799,94160-22501**

# ਬਾਣੀ-ਸੰਗੀਤ

- ਨਰਿੰਦਰ ਸਿੰਘ 'ਸੋਚ'

ਰਾਗ ਤੇ ਬਾਣੀ ਦਾ ਸੁਮੇਲ 'ਗੁਰੂ-ਸੰਗੀਤ' ਹੈ। 'ਗੁਰੂ-ਸੰਗੀਤ' 'ਸੰਗਤ-ਸੰਗੀਤ' ਹੈ। ਸੰਗਤ-ਸੰਗੀਤ 'ਜੱਥਾ-ਸੰਗਤ' ਹੈ। ਇਕੱਲਾ ਗਾਇਕ ਹੋ ਸਕਦਾ ਹੈ, ਕੀਰਤਨੀਆਂ ਨਹੀਂ ਹੋ ਸਕਦਾ। ਪਰ ਬੇਸੁਰੇ ਨੂੰ ਸਾਥ ਕਰਨ ਦੀ ਆਗਿਆ ਨਹੀਂ ਹੈ। ਦੋਹਾਂ ਵਿਚ ਸੁਮੇਲ ਤੇ ਸੰਤੁਲਨ ਪੂਰਾ ਪੂਰਾ ਹੋਵੇ। ਰਾਗ ਅਤੇ ਬਾਣੀ ਤਾਲ ਉਪਰ ਸਵਾਰ ਹੋਣ। ਤਾਲ ਬਾਣੀ ਦੇ ਅਰਥਾਂ ਨੂੰ ਧੁੰਦਲਾ ਨਾ ਹੋਣ ਦੇਵੇ। ਹਰ ਇਕ ਸ਼ਬਦ ਇਕੋ ਤਾਲ ਵਿਚ ਨਹੀਂ ਬੰਨ੍ਹਿਆ ਜਾ ਸਕਦਾ ਹੈ। ਤਾਲ ਨੂੰ ਬਾਣੀ ਦੇ ਅੰਗ-ਭੰਗ ਕਰਨ ਦੀ ਆਗਿਆ ਨਹੀਂ ਹੈ। ਬਾਣੀ ਦੇ ਬਿਸ਼ਰਾਮ ਤਾਲ ਦੀਆਂ ਮਾਤਰਾ ਜਿਤਨੇ ਜ਼ਰੂਰੀ ਹਨ। ਨਾ ਵਧ, ਨਾ ਘਟ।

ਬਾਣੀ ਅਤੇ ਰਾਗ ਦੋਵੇਂ ਦੋਹਰਾ ਸਫਰ ਕਰਦੇ ਹਨ, ਪਹਿਲਾਂ ਇਹ ਧੁਰ ਅੰਦਰ 'ਪਰਾ' ਤੋਂ ਬਾਹਰ ਯਾਤਰਾ ਕਰਦੇ ਹਨ, ਜਦੋਂ ਕੀਰਤਨ ਹੁੰਦਾ ਹੈ ਤਾਂ ਇਸ ਦੇ ਭਾਵ ਅੰਦਰ ਵੱਲ ਨੂੰ ਯਾਤਰਾ ਸ਼ੁਰੂ ਕਰ ਦੇਂਦੇ ਹਨ। ਸੰਗਤ ਅਤੇ ਕੀਰਤਨੀਆਂ ਦੀਆਂ ਅੱਖਾਂ ਬੰਦ ਹੋ ਜਾਂਦੀਆਂ ਹਨ, ਜਾਂ ਬਾਣੀ ਦੇ ਦਰਸ਼ਨ ਵਿਚ ਗੱਡੀਆਂ ਜਾਂਦੀਆਂ ਹਨ। ਮਨ, ਪੱਥਰ-ਹੀਰਾ ਹੈ। ਜਿਤਨਾ ਚਿਰ ਮਨ ਵਿਚ ਸੁਰਾਖ ਨਾ ਹੋ ਜਾਵੇ, ਇਹ ਧਾਗੇ ਵਿਚ ਪ੍ਰੋਤਾ ਨਹੀਂ ਜਾ ਸਕਦਾ। ਕੀਰਤਨ ਭੀ ਅਮੋਲਕ ਹੀਰਾ ਹੈ, ਕੇਵਲ ਹੀਰਾ ਹੀ ਹੀਰੇ ਨੂੰ ਵਿੰਨ੍ਹ ਸਕਦਾ ਹੈ। ਹੀਰੇ ਦੀ ਅਣੀ ਨਾਲ ਹੀ ਹੀਰੇ ਵਿਚ ਛੇਦ ਕੀਤਾ ਜਾ ਸਕਦਾ ਹੈ।

ਗਾਇਕ ਹੱਥਾਂ ਨਾਲ ਰੋਹੀ ਅਵਰੋਹੀ ਦੱਸ ਸਕਦਾ ਹੈ, 'ਸੁਰ' ਦਾ ਭੀ ਇਸ਼ਾਰਾ ਕਰ ਸਕਦਾ ਹੈ। ਅੱਖਾਂ ਨਾਲ ਭੀ ਸੰਕੇਤ ਦੇਂਦਾ ਹੈ, ਪਰ ਕੀਰਤਨ ਵਿਚ ਇਨ੍ਹਾਂ ਦੀ ਮਨਾਹੀ ਹੈ, ਸਰਗਮ ਆਉਣੀ ਚਾਹੀਦੀ ਹੈ ਪਰ ਬਾਣੀ ਦੀ ਤੁਕ ਦਾ 'ਬਦਲ' ਨਹੀਂ ਬਣਾਉਣੀ ਚਾਹੀਦੀ। ਇਹ ਸਾਰੀਆਂ ਗੱਲਾਂ ਟਿਕਾਅ ਅਤੇ ਅੰਦਰਲੀ ਯਾਤਰਾ ਦੀਆਂ ਵਿਰੋਧੀ ਹਨ।

ਤਾਲੀ ਦੇਣੀ, ਮਾਤਰਾਂ ਗਿਣਨੀਆਂ ਅਤੇ ਸਰਗਮ ਬੋਲਣੀ ਸਿੱਖਣ ਦੀਆਂ ਇਕਾਈਆਂ ਹਨ। ਸਿਖਣਾ ਸਰਗਮ ਰਾਹੀਂ ਹੀ ਚਾਹੀਦਾ ਹੈ, ਸਰਗਮ ਰਾਗ ਦੀ ਕਾਇਆ ਹੈ। ਪਰ ਗਾਇਕ ਦਾ ਆਦਰਸ਼ ਕੇਵਲ ਰਾਗ ਅਤੇ ਤਾਲ ਨੂੰ ਪਰਗਟ ਕਰਨਾ ਹੈ, ਪਰ ਕੀਰਤਨ ਦਾ ਧਰਮ ਤੇ ਬਾਣੀ ਦਾ ਸੁਮੇਲ ਹੈ।

ਜਿਵੇਂ ਕਾਵਿ ਵਿਚ ਰਸ ਹੁੰਦੇ ਹਨ, ਜਿਵੇਂ ਅੱਖਰਾਂ ਵਿਚ ਰਸ ਹੁੰਦੇ ਹਨ ਉਸੇ ਤਰ੍ਹਾਂ ਬਾਰਾਂ ਸੁਰਾਂ ਵਿਚ ਵੀ ਰਸ ਹੁੰਦੇ ਹਨ ਅੱਖਰ ਭੀ ਤਾਂ ਧੁਨਾਂ ਦਾ ਅਨੁਕਰਣ ਹੈ, ਸਰਗਮ ਦੋਵੇਂ ਨਾਦ ਦੇ ਅਨੁਕਰਨ ਹਨ, ਨਾਦ ਨਹੀਂ ਹਨ, ਇਨ੍ਹਾਂ ਰਾਹੀਂ ਹੀ ਅਸੀਂ ਨਾਦ ਤੱਕ ਪਹੁੰਚਦੇ ਹਾਂ।

ਸਾਰੇ ਹੁਨਰ ਮਿਹਨਤ ਅਤੇ ਸ਼ੌਕ ਨਾਲ ਸਿੱਖੇ ਜਾ ਸਕਦੇ ਹਨ। ਰਾਗ ਭੀ ਸਿਖਿਆ ਜਾਂਦਾ ਹੈ ਪਰ ਸ਼ਰਧਾ ਤੋਂ ਬਿਨਾਂ ਕੀਰਤਨ ਖਿੜ੍ਹਦਾ ਨਹੀਂ ਹੈ, ਕੀਰਤਨ ਵਿਚੋਂ ਸੁਗੰਧੀ ਨਹੀਂ ਆਉਂਦੀ।

ਬਾਣੀ ਰਸ, ਅਰਥ ਰਸ ਹੈ, ਭਾਵ ਰਸ ਹੈ, ਦਰਸ਼ਨ ਰਸ ਏ, ਰਾਗ ਹੀ ਇਨ੍ਹਾਂ ਰਸਾਂ ਨੂੰ ਪੂਰਾ ਪੂਰਾ ਖੋਲ੍ਹਦਾ ਹੈ। ਮੈ ਪ੍ਰਦੇਸਣ ਦੂਰ ਤੋਂ ਆਈ ਹਾਂ। ਦੂਰੀ ਨੂੰ ਪ੍ਰਗਟ ਕਰਨ ਲਈ ਤਾਰ ਸਪਤਕ ਦੀਆਂ

ਸੁਰਾਂ ਲਾਉਣੀਆਂ ਜ਼ਰੂਰੀ ਹਨ। ਆਉਣ ਲਈ ਉਪਰ ਤੋਂ ਹੇਠਾਂ ਨੂੰ ਆਉਣਾ ਜਰੂਰੀ ਹੈ। 'ਦੂਰ ਗਏ' ਲਈ ਸੁਰਾਂ ਨੂੰ ਭੀ ਹੇਠਾਂ ਤੋਂ ਉਪਰ ਜਾਣਾ ਪਵੇਗਾ। ਦੂਰ ਤੋਂ ਆਈ ਤੇ ਦੂਰ ਗਈ ਦੀ ਯਾਤਰਾ ਰਾਗ ਤੋਂ ਬਿਨਾਂ ਪੂਰੀ ਨਹੀਂ ਹੁੰਦੀ। ਮਨ ਦਾ ਸਫਰ ਰਾਗ ਹੀ ਔਖਾ ਹੋ ਜਾਂਦਾ ਹੈ। ਯਾਦ ਰੱਖਣਾ ਕੀਰਤਨ ਮਨ ਅਤੇ ਬੁਧੀ ਦੀ ਮੈਲ ਉਤਾਰਦਾ ਹੈ, ਮਨ ਅਤੇ ਬੁਧੀ ਦੇ ਰੋਗ ਦੂਰ ਕਰਦਾ ਹੈ। ਮਨ ਅਤੇ ਬੁਧੀ ਦੇ ਦੋਵੇਂ ਸ਼ੀਸ਼ੇ ਟੁੱਟ-ਟੁੱਟ ਕੇ ਅਨੇਕਾਂ ਕੰਕਰਾਂ ਦੇ ਰੂਪ ਵਿੱਚ ਖਿੱਡੇ ਪਏ ਹਨ। ਕੰਕਰਾਂ ਨੇ ਏਕਤਾ ਨੂੰ ਭੀ ਖੰਡ-ਖੰਡ ਕੀਤਾ ਹੋਇਆ ਹੈ। ਇਕ ਦਰਸ਼ਨ ਲਈ ਖੰਡ-ਖੰਡ ਹੋਏ ਮਨ ਅਤੇ ਬੁਧੀ ਦਾ ਜੁੜਨਾ ਅਤੇ ਨਿਰਮਲ ਹੋਣਾ ਜ਼ਰੂਰੀ ਹੈ। ਕੀਰਤਨ ਹੀ ਟੁੱਟੀ ਗੰਢਵਾ ਹੈ। ਕੀਰਤਨ ਹੀ ਬੰਦੀ ਛੋੜ ਹੈ।

ਸਾਡਾ ਸਰੀਰ ਵੀ ਇਕ ਸਾਜ ਹੈ, ਇਹ ਸਾਜ ਦਿਨ ਰਾਤ ਇਕ ਲੈ ਵਿੱਚ ਵੱਸਦਾ ਹੈ। ਇਕ ਫੂਕ ਵਾਲਾ ਭੀ ਹੈ ਅਤੇ ਤੰਤੀ ਵੀ ਹੈ। ਜਦੋਂ ਇਹ ਕੀਰਤਨ ਨਾਲ ਇਕ ਸੁਰ ਹੋ ਜਾਂਦਾ ਹੈ। ਇਸ ਦੇ ਇੱਕ ਇੱਕ ਕੋਸ਼ ਵਿਚੋਂ ਅੰਮ੍ਰਿਤ ਦੀ ਬਾਰਸ਼ ਹੋਣ ਲੱਗ ਪੈਂਦੀ ਹੈ।

ਸੱਚੇ ਸਿੱਖਾਂ ਲਈ ਕਰੀਤਨੀਏ ਨਾਲੋਂ ਹੋਰ ਕਿਸੇ ਦਾ ਦਰਜਾ ਵੱਡਾ ਨਹੀਂ ਹੈ, ਸੰਗਤ ਵਿੱਚ ਗੁਰੂ ਤੋਂ ਪਿਛੋਂ ਕੇਵਲ ਕਰਿਤਨੀਏ ਲਈ ਵਿਸ਼ੇਸ਼-ਵਿਛਾਈ ਵਿਛਾਈ ਜਾਂਦੀ ਹੈ। ਸੰਗਤਾਂ ਦੀ ਨਜ਼ਰ ਦਾ ਕੇਂਦਰ ਕੇਵਲ ਕੀਰਤਨੀਏ ਦੇ ਦਰਸ਼ਨ ਭੀ ਕਰਦੀਆਂ ਹਨ। ਜਿਤਨਾ ਚਿਰ ਸ਼ਰਦ ਦਾ ਭਾਵ ਰਾਗੀ ਦੇ ਮਨ ਵਿੱਚ ਨਾ ਘੁਲ ਜਾਵੇ, ਉਤਨਾ ਚਿਰ ਭਾਵ-ਭਿੰਨੀ ਸੁਰ ਗਲੇ ਵਿੱਚੋਂ ਨਹੀਂ ਨਿਕਲ ਸਕਦੀ। ਸਾਜ਼ ਦੀ ਸੁਰ ਕੇਵਲ ਸੁਰ ਹੁੰਦੀ ਹੈ ਪਰ ਮਨੁੱਖੀਸੁਰ ਦੇ ਨਾਲ ਭਾਵ ਵੀ ਹੁੰਦਾ ਹੈ। ਭਾਵ ਦੇ ਸਾਜ਼ ਵਿੱਚ ਹੱਥਾਂ ਦੀ ਬਰਕਤ ਅਤੇ ਅਸੀਸ ਅਤੇ ਤਸੱਲੀ ਹੁੰਦੀ ਹੈ।

ਸਿੱਖ ਰਾਗੀਆਂ ਦੀ ਸਭ ਤੋਂ ਵੱਡੀ ਪ੍ਰੀਖਿਆ ਸ੍ਰੀ ਆਸਾ ਜੀ ਦੀ ਵਾਰ ਹੈ। ਸਾਰੇ ਸਲੋਕਾਂ ਨੂੰ ਅਲਾਪ ਦੇ ਰਸ ਵਿੱਚ ਭਿਉਂ-ਭਿਉਂ ਕੇ ਲਾਉਣਾ ਸੌਖਾ ਨਹੀਂ ਹੈ। ਸੁਰ ਵਿਸਥਾਰ ਦੀ ਕਿਸੇ ਵਿੱਚ ਕਿਤਨੀ ਸਮਰੱਥਾ ਹੈ, ਦਾ ਪਤਾ ਇਸ ਤੋਂ ਲੱਗਦਾ ਹੈ। ਬਹੁਤੇ ਰਾਗੀ ਤਾਂ ਦੋ ਤਿੰਨ ਸੁਰ ਦਬਾ ਕੇ ਕੰਮ ਸਾਰੀ ਜਾਂਦੇ ਹਨ। ਕਈ ਤਾਂ ਜੋਟੀਆਂ ਬਣਾ ਕੇ ਸਲੋਕ ਪੜ੍ਹੀ ਜਾਂਦੇ ਹਨ। ਇਕ ਗੱਲ ਯਾਦ ਰੱਖਣੀ ਚਾਹੀਦੀ ਹੈ, ਪਾਠ ਕਰਨ ਵਿੱਚ ਅਤੇ ਕਰਿਤਨ ਕਰਨ ਵਿੱਚ ਬੜਾ ਭਾਰੀ ਫਰਕ ਹੈ। ਸ਼ੁੱਧ, ਸਪਸ਼ਟ ਤੇ ਲੈ ਵਿੱਚ ਪਾਠ ਕਰਨਾ ਹੀ ਸੱਚੇ ਅਰਥਾਂ ਵਿੱਚ ਪਾਠ ਹੈ। ਰਾਗ ਵਾਲੀ ਨਾਲੋਂ ਰਾਗ ਨੂੰ ਵਿਛੋੜਨਾ ਵਧੀਕੀ ਹੈ। ਬੇਵਸੀ ਖ਼ਿਮਾਂ ਕੀਤੀ ਜਾ ਸਕਦੀ ਹੈ , ਜਾਣ-ਕੁਝ ਕੇ ਕੀਤੀ ਭੁੱਲ-ਭੁੱਲ ਨਹੀਂ ਗਿਣੀ ਜਾ ਸਕਦੀ।

ਗੁਰਬਾਣੀ -ਸੰਗੀਤ ਸਮਾਧੀ ਸੰਗੀਤ ਹੈ। ਮਸਤੀ ਸੰਗੀਤ ਹੈ। ਸੰਜੋਗ ਸੰਗੀਤ ਹੈ, ਭਿਜੋਗ ਸੰਗੀਤ ਹੈ। ਇਹ ਸਰੀਰ, ਮਨ ਤੇ ਬੁਧੀ ਨੂੰ ਕੀਲ ਕੇ ਬਿਠਾ ਦੇਂਦਾ ਹੈ। ਤਿੰਨਾਂ ਨੂੰ ਸ਼ਕਤੀ ਭੀ ਦੇਂਦਾ ਹੈ ਅਤੇ ਤਿਨਾਂ ਨੂੰ ਚੰਚਲਤਾ ਵੱਲ ਜਾਣ ਤੋਂ ਰੋਕਦਾ ਵੀ ਹੈ।

ਯਾਦ ਰੱਖਣ ਵਾਲੀ ਇਕੋ ਗੱਲ ਹੈ। ਗੁਰਬਾਣੀ ਸੰਗੀਤ ਜ਼ਮਾਨੇ ਸਾਜ਼ੀ ਨਹੀਂ ਹੈ। ਜ਼ਮਾਨੇ ਸਾਜ਼ੀ ਵਿੱਚ ਰਾਗ ਨਹੀਂ ਹੁੰਦਾ। ਉਹ ਹਰ ਨਵੇਂ ਸੂਰਜ ਚੜ੍ਹਨ ਦੇ ਨਾਲ ਪੈਦਾ ਹੁੰਦੀ ਹੈ ਅਤੇ ਸੂਰਜ

ਛਿਪਣ ਵੇਲੇ ਅੰਤਮ ਦਮ ਤੋੜ ਦੇਂਦੀ ਹੈ। ਪਰ ਅੱਜ ਤੱਕ ਕੋਈ ਰਾਗ ਨਹੀਂ ਮਰਿਆ। ਕੋਈ ਰਾਗ ਪੁਰਾਣਾ ਨਹੀਂ ਹੋਇਆ। ਕੋਈ ਰਾਗ ਫਿੱਕਾ ਨਹੀਂ ਪਿਆ। ਰਾਗ ਤੇ ਪ੍ਰੇਮ ਦੇ ਸਮ-ਅਰਥੇ ਸ਼ਬਦ ਹਨ। ਰਾਗ ਪ੍ਰੇਮ ਦੀ ਆਵਾਜ਼ ਹੈ। ਮਨੁੱਖ ਦੀ ਮਾਨਸਿਕ ਹਾਲਤ ਦਾ ਧੁਨੀ ਚਿੱਤਰ ਹੈ। ਰਾਗ ਪ੍ਰੇਮ ਦੀ ਆਵਾਜ਼ ਹੈ। ਮਨੁੱਖ ਦੀ ਹਾਲਾਤ ਦਾ ਧੁਨੀ ਚਿੱਤਰ ਹੈ। ਕੋਇਲਾਂ ਸਮੇਂ ਸਿਰ ਆਉਂਦੀਆਂ ਹਨ। ਕੂੰਜਾਂ ਨੂੰ ਕਦੇ ਰਾਹ ਨਹੀਂ ਭੁੱਲਦਾ। ਡੂੰਮਣਾ ਸਾਲ ਪਿਛੋਂ ਉਸੇ ਬ੍ਰਿਛ ਉੱਪਰ ਖੱਗਾ ਬਣਾਉਂਦਾ ਹੈ। ਰਾਗ ਦੀਆਂ ਵੀ ਰੁੱਤਾਂ ਹਨ। ਬਸੰਤ ਦੀਆਂ ਸੁਰਾਂ ਨੂੰ ਬਸੰਤ ਵਿੱਚ ਹੀ ਫੁੱਲ ਲੱਗਦੇ ਹਨ। ਮਲਾਰ ਦਾ ਜਲ ਤਰੰਗ ਸਾਵਣ-ਭਾਦਰੋਂ ਨੂੰ ਹੀ ਨਿਖੇੜਵੀਆਂ ਅਤੇ ਗੱਡਵੀਆਂ ਸੁਰਾਂ ਉਘਾੜਦਾ ਹੈ।

ਗੁਰੂ ਬਾਣੀ ਸੰਗੀਤ ਜਾਂ ਗੁਰੂ ਸੰਗਤਿ ਚੌਹਰੀ ਮਾਰ ਮਾਰਦਾ ਹੈ। ਇਕੋ ਸਮੇਂ ਉਹ ਅੰਦਰ ਵੀ ਅਤੇ ਬਾਹਰ ਵੀ ਫੁੱਲ ਖਿੜਾਉਂਦਾ ਹੈ। ਇਕ ਸਮੇਂ ਉਹ ਅੰਦਰ ਵੀ ਅਤੇ ਬਾਹਰ ਵੀ ਅੰਮ੍ਰਿਤ ਦੀ ਰਿਮ-ਝਿਮ ਲਾਉਂਦਾ ਹੈ।

ਗੁਰੂ ਬਾਣੀ ਸੰਗੀਤ ਜਾਂ ਗੁਰ-ਸੰਗੀਤ ਦੀ ਪੂਰੀ-ਪੂਰੀ ਸੋਝੀ ਉਸ ਵੇਲੇ ਪੈਂਦੀ ਹੈ, ਜਦੋਂ ਸਰਦੀ ਰੁੱਤ ਵਿੱਚ ਜੰਡ ਦੇ ਦਰਖਤ ਤੇ ਬੈਠ ਕੇ ਬੀਂਡਾ 'ਸਾਂ' ਦਾ ਰਿਆਜ ਕਰਦਾ-ਇਕ ਕੰਨ ਵਿੱਚ ਸੁਣੇ ਅਤੇ ਦੂਜੇ ਕੰਨ ਵਿੱਚ ਅੰਬ ਦੀ ਮੰਜਰੀ ਵਿਚ ਗੁਆਚੀ ਹੋਈ ਕੋਇਲ ਪੰਚਮ ਸੁਰ ਉਪੱਰ ਬੋਲਦੀ ਸੁਣੇ। ਬਾਣੀ ਦੇ ਸੰਗੀਤ ਵਿੱਚ ਮੱਛੀਆਂ ਅਤੇ ਹਿਰਨ ਵੀ ਬੋਲਦੇ ਹਨ। ਕੂਕਰ ਵੀ ਪੂਰਾ ਮੂੰਹ ਅੱਡ ਕੇ ਸੀਨੇ ਦੇ ਜੋਰ ਨਾਲ ਆਵਾਜ਼ ਕੱਢ ਕੇ ਆਪਣੇ ਖ਼ਸਮ ਦਾ ਕੀਰਤਨ ਕਰਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਸ਼ਬਦ ਨਾਲ ਸਿੱਧ ਮੰਡਲੀ ਜਿੱਤੀ ਸੀ ਅਤੇ ਆਪਣਾ ਸਿੱਕਾ ਚਲਾਇਆ ਸੀ, ਉਹ ਸਭ ਕੁਝ ਸਾਨੂੰ ਦੇ ਗਏ ਸਨ। ਅਸੀਂ ਸਾਬਤ ਕਰਨਾ ਹੈ ਕਿ ਅਸੀਂ ਉਨ੍ਹਾਂ ਦੇ ਸ਼ਬਦਾਂ ਦੇ ਸਭ ਤੋਂ ਚੰਗੇ ਵਾਰਸ ਹਾਂ।

**ਸਬਦਿ ਰਤੇ ਵਡ ਹੰਸ ਹੈ ਸਚੁ ਨਾਮੁ ਉਰਿ ਧਾਰਿ ॥**
**ਸਚੁ ਸੰਗ੍ਰਹਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰਿ ॥**
**ਸਦਾ ਨਿਰਮਲ ਮੈਲੁ ਨ ਲਗਈ ਨਦਰਿ ਕੀਤੀ ਕਰਤਾਰਿ ॥**
**ਨਾਨਕ ਹਉ ਤਿਨ ਕੈ ਬਲਿਹਾਰਣੈ ਜੋ ਅਨਦਿਨੁ ਜਪਹਿ ਮੁਰਾਰਿ ॥**

◆◆◆

# ਕੀਰਤਨ ਦਾ ਸੰਕਲਪ

-ਡਾ: ਇੰਦਰਪਾਲ ਸਿੰਘ

ਗੁਰਮਤਿ ਵਿਚ ਕੀਰਤਨ ਪ੍ਰਧਾਨ ਹੈ। ਪੰਚਮ ਪਾਤਸ਼ਾਹ ਸ੍ਰੀ ਗੁਰ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਨ ਵੇਲੇ ਸਾਰੀ ਬਾਣੀ ਰਾਗਾਂ ਅਨੁਸਾਰ ਰਚੀ ਹੈ। ਗੁਰਬਾਣੀ ਅਨੁਸਾਰ ਵਾਹਿਗੁਰੂ ਭਗਤੀ ਦਾ ਸੰਕਲਪ ਕੀਰਤਨ ਭਗਤੀ ਹੈ। ਸਤਿ ਸੰਗਤ ਵਿਚ ਹਰੀ ਜਸ ਕੀਰਤਨ ਦੁਆਰਾ ਕਰਨ ਵਿਚ ਹੀ ਵਾਹਿਗੁਰੂ ਪ੍ਰਾਪਤੀ ਦਾ ਸੰਦੇਸ਼ ਹੈ। ਇਸ ਲਈ ਭਾਈ ਗੁਰਦਾਸ ਲਿਖਦੇ ਹਨ:

ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ।

ਅਸਲ ਵਿਚ ਆਤਮਿਕ ਗਿਆਨ ਦੀ ਪ੍ਰਾਪਤੀ ਲਈ ਕੀਰਤਨ ਇਕ ਐਸਾ ਸਾਧਨ ਹੈ ਜੋ ਮਨ ਨੂੰ ਇਕਾਗਰ ਕਰਨ ਵਿਚ ਅਤੇ ਵਾਹਿਗੁਰੂ ਸੰਗ ਜੁੜਨ ਵਿਚ ਸਹਾਇਤਾ ਕਰਦਾ ਹੈ। ਇਸੇ ਲਈ ਗੁਰਬਾਣੀ ਦਾ ਫੁਰਮਾਨ ਹੈ:

**ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ ॥**
**ਹਰਿ ਕੀਰਤਨ ਮਹਿ ਏਹੁ ਮਨੁ ਜਾਗੈ ॥**

ਗੁਰਬਾਣੀ ਦੇ ਕੀਰਤਨ ਦੀ ਪ੍ਰਥਾ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਰੰਭ ਕੀਤੀ ਅਤੇ ਉਨ੍ਹਾਂ ਦੇ ਪਹਿਲੇ ਰਬਾਬੀ ਭਾਈ ਮਰਦਾਨਾ ਸਨ ਜੋ ਹਜ਼ੂਰ ਨੂੰ ਕੀਰਤਨ ਸੁਣਾਉਂਦੇ ਸੀ ਅਤੇ ਸੰਗਤਾਂ ਨੂੰ ਨਿਹਾਲ ਕਰਦੇ ਸਨ। ਇਸ ਲਈ ਕੀਰਤਨ ਦੀ ਵਡਿਆਈ ਸਦਕਾ ਹੀ ਸਲੋਕ ਮਰਦਾਨਾ ਨਾਮ ਨਾਲ ਸਲੋਕ 'ਬਿਹਾਗੜਾ ਦੀ ਵਾਰ' ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਪਪੜ ਉਪਰ ਅੰਕਿਤ ਹਨ।

''ਭਲੋ ਭਲੋ ਰੇ ਕੀਰਤਨੀਆਂ'' ਦਾ ਭਾਵ ਵੀ ਇਹੀ ਹੈ ਕਿ ਗੁਰਮਤਿ ਵਿਚ ਕੀਰਤਨ ਦੀ ਵਡਿਆਈ ਅਤੇ ਮਹਾਨਤਾ ਪ੍ਰਮੁੱਖ ਹੈ। ਹਰਿਮੰਦਰ ਸਾਹਿਬ ਵਿਚ ਵੀ ਨਿਰੰਤਰ ਕੀਰਤਨ ਹੁੰਦਾ ਰਹਿੰਦਾ ਹੈ ਅਰਥਾਤ ਵਾਹਿਗੁਰੂ ਦਾ ਜਸ ਗਾਇਆ ਜਾਂਦਾ ਹੈ। ਜਿਵੇਂ ਸਮੁੱਚੀ ਕੁਦਰਤ ਅਨੇਕ ਰੂਪਾਂ ਵਿਚ ਹਰੀ ਜਸ ਕਰ ਰਹੀ ਹੈ, ਇਸੇ ਤਰ੍ਹਾਂ ਕੀਰਤਨ ਦੁਆਰਾ ਗੁਰਬਾਣੀ ਦਾ ਗਾਇਨ ਕਰਕੇ ਵਾਹਿਗੁਰੂ ਸੰਗਿ ਪ੍ਰੀਤ ਪ੍ਰਪੱਕ ਹੋ ਸਕਦੀ ਹੈ।

ਮਨ ਦੇ ਸੰਕਲਪਾਂ ਵਿਕਲਪਾਂ ਅਤੇ ਬਿਰਤੀਆਂ ਦੇ ਖਿੰਡਾਉ ਨੂੰ ਦੂਰ ਕਰਨ ਲਈ ਸਰਵੋਤਮ ਢੰਗ ਹਰੀ ਕੀਰਤਨ ਨਾਲ ਜੁੜਨਾ ਹੈ। ਲੋੜ ਹੈ ਨਿਰਬਾਨ ਕੀਰਤਨ ਦੀ ਅਰਥਾਤ ਅਜਿਹਾ ਕੀਰਤਨ ਜੋ ਸਾਨੂੰ ਨਿਰਬਾਨ ਕਰੇ, ਰਜੋ, ਤਮੋ ਅਤੇ ਸਤੋ ਗੁਣਾਂ ਤੋਂ, ਅਤੇ ਜੋੜ ਦੇਵੇ ੧ਓ ਨਾਲ। ਮੁਕਤੀ ਦੀ ਪ੍ਰਾਪਤੀ ਵੀ ਕੀਰਤਨ ਦੁਆਰਾ ਹੀ ਸੰਭਵ ਹੈ ਅਤੇ ਸਾਰੇ ਦੁੱਖਾਂ ਕਲੇਸ਼ਾਂ ਦਾ ਨਾਸ ਹੁੰਦਾ ਹੈ:

**ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ ॥**
**ਤਿਸੁ ਜਨ ਦੂਖੁ ਨਿਕਟਿ ਨਹੀ ਆਵੈ ॥**

ਕੀਰਤਨ ਨਾਲ ਦੁਰਮਤਿ ਨਾਸ ਹੁੰਦੀ ਹੈ, ਖੋਟੀ ਮੱਤ ਦੂਰ ਹੁੰਦੀ ਹੈ ਅਤੇ ਸਾਰੀਆਂ ਇੱਛਾਵਾਂ ਪੂਰੀਆਂ ਹੁੰਦੀਆਂ ਹਨ:

**ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸੁ ॥**
**ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ ॥**

ਵੈਰ ਵਿਰੋਧ ਮਿਟ ਜਾਂਦੇ ਹਨ। ਕੀਰਤਨ ਸੁਣਨ ਨਾਲ ਮਨ ਪੂਰਨ ਅਵਸਥਾ ਨੂੰ ਪ੍ਰਾਪਤ ਹੁੰਦਾ ਹੈ। ਬੁਰਾ

ਭਲਾ, ਤੇਰਾ-ਮੇਰਾ, ਆਪਣੇ-ਪਰਾਏ ਦਾ ਭੇਦ ਮਿਟ ਜਾਂਦਾ ਹੈ। ਗੁਰੂ ਫੁਰਮਾਣ ਹੈ:

**ਵੈਰ ਵਿਰੋਧ ਮਿਟੇ ਤਿਹ ਮਨ ਤੇ ॥**
**ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ ॥**

ਕੀਰਤਨ ਦਾ ਸੰਕਲਪ ਹੀ ਵਾਹਿਗੁਰੂ ਪਿਆਰ ਦਾ ਸੰਕਲਪ ਹੈ ਕਿਉਂਕਿ ਪਿਆਰ ਵਿਚ ਰੱਤਾ ਮਨੁੱਖ ਗੁਰਬਾਣੀ ਨੂੰ ਰਾਗਾਂ ਅਨੁਸਾਰ ਗਾਇਨ ਕਰਕੇ ਆਪਣੇ ਇਸ਼ਟ ਨਾਲ ਜੁੜ ਸਕਦਾ ਹੈ। ਇਸੇ ਲਈ ਸਿੱਖ ਧਰਮ ਵਿਚ ਸੁਰ, ਲੈਅ, ਤਾਲ ਸਹਿਤ ਰਾਗਾਂ ਵਿਚ ਗੁਰਬਾਣੀ ਦਾ ਗਾਇਨ ਕਰਨ ਦਾ ਨਾਮ ਕੀਰਤਨ ਹੈ। ਕੀਰਤਨ ਦਾ ਅਰਥ ਹੀ ਇਹ ਹੈ ਕਿ ਪਰਮਾਤਮਾ ਦੇ ਗੁਣ ਗਾਉਣੇ। ਗੁਰਬਾਣੀ ਵਿਚ ਪਰਮਾਤਮਾ ਦੇ ਨਾਮ ਸੁਣਨ ਨੂੰ ਹੀ ਕੀਰਤਨ ਕਿਹਾ ਗਿਆ ਹੈ।

ਕੀਰਤਨ ਅਕਾਲ ਪੁਰਖ ਦਾ ਜਸ ਹੈ, ਗੁਣਾਂ ਦਾ ਗਾਇਣ ਹੈ, ਸਿਫ਼ਤ ਸਲਾਹ ਹੈ, ਗੁਰਮਤਿ ਦਾ ਆਦਰਸ਼ ਹੈ, ਸਾਈਂ ਦੀ ਰਹਿਮਤ ਦਾ ਪਾਤਰ ਬਣਨ ਲਈ ਵਧੀਆ ਸਾਧਨ ਹੈ। ਮਨ ਦੀ ਧਰਤੀ ਨੂੰ ਵਾਹ ਕੇ, ਸਿੰਜ ਕੇ, ਬੀਜਣ ਲਈ ਤਿਆਰ ਕੀਰਤਨ ਹੀ ਕਰਦਾ ਹੈ ਅਤੇ ਜਦ ਇਹ ਬੀਜ ਬੀਜਿਆ ਜਾਵੇ ਤਾਂ ਫੇਰ ਮਨ ਦਾ ਖੇਤ ਜਾਂ ਮਨ ਦਾ ਚਮਨ ਖਿੜ ਉਠਦਾ ਹੈ। ਬਿਲਾਵਲ ਰਾਗ ਵਿਚ ਸਤਿਗੁਰੂ ਫੁਰਮਾਉਂਦੇ ਹਨ:

**ਸਭ ਦਿਨਸੁ ਰੈਣਿ ਗੁਣ ਉਚਰੈ ਹਰਿ ਹਰਿ ਹਰਿ ਉਰਿ ਲਿਵ ਲਾਗੁ ॥**
**ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ ॥**

ਵਾਹਿਗੁਰੂ ਦਾ ਕੀਰਤਨ ਸ਼ਿਰੋਮਣੀ ਕਰਮ ਹੈ:

**ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ।**

ਜਿਥੇ ਕੀਰਤਨ ਹੁੰਦਾ ਹੈ ਉਹ ਸਥਾਨ ਸਵਰਗ ਦੇ ਸਮਾਨ ਹੈ:

**ਤਹਾ ਬੈਕੁੰਠੁ ਜਹ ਕੀਰਤਨੁ ਤੇਰਾ।**

ਕੀਰਤਨ ਮੰਡਲ ਵਿਚ ਜਮਦੂਤ ਪ੍ਰਵੇਸ਼ ਨਹੀਂ ਕਰ ਸਕਦੇ। ਇਹ ਕੀਰਤਨ ਇਸ ਲੋਕ ਵਿਚ ਵੀ ਸਹਾਈ ਹੈ ਅਤੇ ਪਰਲੋਕ ਵਿਚ ਵੀ ਕੰਮ ਆਉਂਦਾ ਹੈ। ਇਸੇ ਲਈ ਸਤਿਗੁਰੂ ਫੁਰਮਾਉਂਦੇ ਹਨ:

**ਐਸਾ ਕੀਰਤਨੁ ਕਰਿ ਮਨ ਮੇਰੇ ॥ ਈਹਾ ਊਹਾ ਜੋ ਕਾਮਿ ਤੇਰੈ ॥**

ਕੀਰਤਨ ਇਕ ਅਜਿਹਾ ਹੀਰਾ ਹੈ ਜਿਸ ਦਾ ਮੁੱਲ ਨਹੀਂ ਪੈ ਸਕਦਾ। ਕੀਰਤਨ ਆਨੰਦ ਤੇ ਗੁਣਾਂ ਦਾ ਸਾਗਰ ਹੈ। ਅਸਲ ਵਿਚ ਇਹ ਇਕ ਐਸੀ ਅਵਸਥਾ ਨਾਲ ਜੋੜਦਾ ਹੈ ਜਿਸ ਵਿਚ ਲੀਨ ਹੋ ਕੇ ਮਨੁੱਖ ਕਰਤੇ ਨਾਲ ਅਭੇਦ ਹੁੰਦਾ ਹੈ। ਰਾਮਕਲੀ ਰਾਗ ਵਿਚ ਪੰਚਮ ਪਾਤਸ਼ਾਹ ਫੁਰਮਾਉਂਦੇ ਹਨ:

**ਕੀਰਤਨੁ ਨਿਰਮੋਲਕ ਹੀਰਾ ॥ ਆਨੰਦ ਗੁਣੀ ਗਹੀਰਾ ॥**

ਕਲਯੁਗ ਵਿਚ ਵਿਸ਼ੇਸ਼ ਤੌਰ ਤੇ ਕੀਰਤਨ ਪ੍ਰਧਾਨ ਕਰਮ ਹੈ। ਨਾਮ ਜਪਣਾ ਅਤੇ ਨਾਮ ਵਿਚ ਪਰਵਿਰਤ ਹੋਣਾ ਪਰਮਾਤਮਾ ਦੀ ਹਜ਼ੂਰੀ ਵਿਚ ਮਾਣ ਪ੍ਰਾਪਤ ਕਰਨ ਸਮਾਨ ਹੈ। ਇਸ ਦਾ ਸੁਖੈਨ ਸਾਧਨ ਕੀਰਤਨ ਹੈ। ਗੁਰਬਾਣੀ ਕਥਨ ਹੈ:

**ਕਲਜੁਗ ਮਹਿ ਕੀਰਤਨੁ ਪਰਧਾਨਾ ॥**
**ਗੁਰਮੁਖਿ ਜਪੀਐ ਲਾਇ ਧਿਆਨਾ ॥**
**ਆਪਿ ਤਰੈ ਸਗਲੇ ਕੁਲ ਤਾਰੇ**
**ਹਰਿ ਦਰਗਹ ਪਤਿ ਸਿਉ ਜਾਇਦਾ ॥**

## ਗੁਰਸਿੱਖੀ ਅਤੇ ਬਾਬਾ ਸਾਹਿਬ ਸਿੰਘ ਜੀ ਊਨਾਂ ਸਾਹਿਬ

-ਪ੍ਰੋ: ਬਲਵਿੰਦਰਪਾਲ ਸਿੰਘ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਅਤੇ ਪਿੱਛੋਂ ਸਿੱਖ ਪੰਥ ਵਿੱਚ ਅਨੇਕਾਂ ਸਿੱਖ ਸਖ਼ਸ਼ੀਅਤਾਂ ਹੋਈਆਂ ਹਨ, ਜਿਨ੍ਹਾਂ ਨੇ ਸਿੱਖ ਧਰਮ ਨੂੰ ਪ੍ਰਗਤੀ ਦੇ ਮਾਰਗ ਵਲ ਤੋਰਿਆ। ਸਿੱਖ ਧਰਮ ਦੀ ਆਧਾਰ ਸ਼ਿਲਾ ਦਸ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਹਨ। ਦੂਜੇ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ ਕਿ ਗੁਰੂ ਸਾਹਿਬਾਨ ਸਿਰਫ ਸਰੀਰ ਹੀ ਨਹੀਂ ਸਨ, ਸਗੋਂ ਜੋਤਿ ਤੇ ਉਪਦੇਸ਼ ਦਾ ਵੀ ਪ੍ਰਗਟਾਵਾ ਸਨ। ਇਹੀ ਕਾਰਨ ਹੈ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਗੁਰੂ ਜੋਤਿ ਤੇ ਗੁਰੂ ਉਪਦੇਸ਼ ਨੂੰ ਪ੍ਰਗਟ ਕਰਦੀ ਹੈ। ਜੋ ਮਨੁੱਖ ਗੁਰੂ ਜੋਤਿ ਅਤੇ ਗੁਰੂ ਉਪਦੇਸ਼ਾਂ ਅਨੁਸਾਰ ਅਮਲੀ ਜੀਵਨ ਬਤੀਤ ਕਰਦਾ ਹੈ, ਉਸ ਨੂੰ ਗੁਰਸਿੱਖ ਦੀ ਸੰਗਿਆ ਪ੍ਰਦਾਨ ਕੀਤੀ ਜਾਂਦੀ ਹੈ। ਸੁਖਮਨੀ ਸਾਹਿਬ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਤਿਗੁਰੂ ਦਾ ਪੱਖ ਪੇਸ਼ ਕਰਦਿਆਂ ਫੁਰਮਾਇਆ ਹੈ ਕਿ ਉਹ ਗੁਰਸਿੱਖ ਨੂੰ ਕਿਵੇਂ ਪਿਆਰ ਕਰਦਾ ਹੈ :

**ਸਤਿਗੁਰੁ ਸਿਖ ਦਾ ਹਲਤੁ ਪਲਤੁ ਸਵਾਰੈ ॥**
**ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥**

ਗੁਰੂ ਦੀਆਂ ਖੁਸ਼ੀਆਂ ਅਤੇ ਗੁਰੂ ਦੀਆਂ ਮਿਹਰਾਂ ਦਾ ਸੁਪਾਤਰ ਬਣਨਾ ਅਤੇ ਬਣੇ ਰਹਿਣਾ ਹਰ ਸਿੱਖ ਦੇ ਹਿਰਦੇ ਦੀ ਉਮੰਗ ਅਤੇ ਤਰੰਗ ਹੁੰਦੀ ਹੈ। ਸ੍ਰੀ ਮੁਖ ਵਾਕ ਹੈ,

ਗੁਰਸਿੱਖ ਪ੍ਰੀਤਿ ਗੁਰੁ ਮਿਲੈ ਗਲਾਟੇ॥

ਭਾਈ ਗੁਰਦਾਸ ਜੀ ਨੇ ਆਪਣੀ ਯਾਰਵੀਂ ਵਾਰ ਵਿੱਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਤੋਂ ਕੁਝ ਸਮਾਂ ਪਹਿਲਾਂ ਤੱਕ ਦੇ ਅਨੇਕ ਸਿੱਖਾਂ ਦਾ ਉਲੇਖ ਕੀਤਾ ਹੈ, ਪਰ ਗੁਰੂ ਸਖ਼ਸ਼ੀਅਤਾਂ ਨੂੰ ਗੁਰਸਿੱਖ ਪਦ ਪ੍ਰਦਾਨ ਕੀਤਾ ਹੈ:

ਸਤਿਗੁਰੂ ਨਾਨਕ ਦੇਉ ਆਪ ਉਪਾਇਆ॥
ਗੁਰ ਅੰਗਦ 'ਗੁਰਸਿੱਖ' ਬਬਾਣੇ ਆਇਆ॥
'ਗੁਰਸਿੱਖ' ਹੈ ਗੁਰ ਅਮਰ ਸਤਿਗੁਰ ਭਾਇਆ॥
ਰਾਮਦਾਸ 'ਗੁਰਸਿੱਖ' ਗੁਰ ਸਦਵਾਇਆ॥
ਗੁਰ ਅਰਜਨ 'ਗੁਰਸਿੱਖ' ਪ੍ਰਗਟੀ ਆਇਆ॥
ਗੁਰਸਿੱਖ ਹਰਗੋਬਿੰਦ ਨ ਲੁਕੈ ਲੁਕਾਇਆ॥

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਗੁਰੂ ਸਮਾਜਿਕ ਕਿਰਿਆ ਵਿੱਚ ਗੁਰੂ ਸਖ਼ਸ਼ੀਅਤਾਂ ਨੂੰ ਸਵੀਕਾਰਿਆ ਜਾਂਦਾ ਸੀ ਅਤੇ ਰੂਹਾਨੀ ਤੌਰ ਤੇ ਗੁਰਬਾਣੀ ਨੂੰ ਗੁਰ ਉਪਦੇਸ਼ ਤੇ ਗੁਰ ਜੋਤਿ ਸਮਝ ਕੇ ਗ੍ਰਹਿਣ ਕੀਤਾ ਜਾਂਦਾ ਸੀ, ਪਰ ਇਤਿਹਾਸਕ ਤੌਰ ਤੇ ਇਸ ਨੂੰ ਗੁਰੂ ਵਰ ਦਾ ਦਰਜਾ ਸਾਹਿਬ ਸ੍ਰੀ ਗੁਰੂ

ਗੋਬਿੰਦ ਸਿੰਘ ਜੀ ਨੇ ਆਪਣੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਇਹ ਕਹਿ ਕੇ ਦਿੱਤਾ, ਤੁਸੀਂ ਸ਼ਬਦ ਤੇ ਗੁਰੂ ਨੂੰ ਇੱਕੋ ਰੂਪ ਜਾਣਨਾ....... ਸਤਿਗੁਰੂ ਤੇ ਪਰਮੇਸ਼ਰ ਵਿੱਚ ਭੇਦ ਨਹੀਂ ਜਾਣਨਾ ਸਰੀਰ ਮੇਰਾ ਸਰਗੁਣ ਹੈ ਤੇ ਸ਼ਬਦ ਮੇਰਾ ਰਿਦਾ ਹੈ। ਨਿਰਗੁਣ ਰੂਪ ਹੈ, ਜੇ ਸਰੀਰ ਨਾਲ ਮਿਲੋਗੇ ਤਾਂ ਫਿਰ ਵੀ ਵਿਛੜੋਗੇ। ਜੇ ਸ਼ਬਦ ਨਾਲ ਮਿਲੋਗੇ ਤਾਂ ਵਿਛੜੋਗੇ ਨਹੀਂ।

ਭਾਈ ਨੰਦ ਲਾਲ ਜੀ ਨੇ ਆਪਣੇ ਸ਼ਬਦਾਂ ਵਿੱਚ ਗੁਰੂ ਜੀ ਦੇ ਆਦੇਸ਼ ਨੂੰ ਇਉਂ ਕਲਮਬੰਦ ਕੀਤਾ ਹੈ,

**ਮੇਰਾ ਦੂਸਰ ਰੂਪ ਗਰੰਥ ਜੀ ਜਾਣ।**
**ਉਨਕੋ ਅੰਗ ਮੇਰਾ ਕਰ ਮਾਨ।**
**ਮੇਰਾ ਰੂਪ ਗਰੰਥ ਜੀ ਜਾਣ।**
**ਇਸ ਮੇਂ ਭੇਦ ਨਹੀਂ ਕੁਛ ਮਾਨ।**

ਇਸ ਤਰ੍ਹਾਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਆਪਣੇ ਆਪ ਨੂੰ ਖ਼ਾਲਸਾ ਪੰਥ ਵਿੱਚ ਵਿਲੀਨ ਕਰ ਦਿੱਤਾ ਅਤੇ ਪੰਥ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਅਧੀਨ। ਇਸ ਕੌਤਕ ਨਾਲ ਗੁਰੂ ਦਾ ਦਰਜਾ ਗੁਰਬਾਣੀ ਨੂੰ ਹਾਸਿਲ ਹੋ ਗਿਆ।

ਗੁਰਬਾਣੀ ਸਹੀ ਅਰਥਾਂ ਵਿੱਚ ਧਰਮ ਤੇ ਆਤਮਿਕ, ਸਾਮਾਜਿਕ, ਰਾਜਨੀਤਕ, ਆਰਥਿਕ, ਸਭਿਆਚਾਰਕ ਅਤੇ ਕਲਾਤਮਕ ਪੱਖਾਂ ਨੂੰ ਉਜਾਗਰ ਕਰਦੀ ਹੈ। ਇਸ ਤਰ੍ਹਾਂ ਜੋ ਮਨੁੱਖ ਗੁਰੂ ਦੀ ਸਿੱਖਿਆ ਅਰਥਾਤ ਗੁਰਬਾਣੀ ਦੇ ਸਿਧਾਂਤਾਂ ਤੇ ਅਮਲ ਕਰਦਾ ਹੈ, ਉਹ ਗੁਰਸਿੱਖ ਹੈ। ਅਠਾਰਵੀਂ, ਉਨੀਵੀਂ ਤੇ ਵੀਹਵੀਂ ਸਦੀ ਦੌਰਾਨ ਸਿੱਖ ਪੰਥ ਵਿੱਚ ਉਨ੍ਹਾਂ ਅਨੇਕ ਗੁਰਸਿੱਖਾਂ ਨੇ ਜਨਮ ਲਿਆ, ਜਿਨ੍ਹਾਂ ਨੇ ਧਰਮ, ਸਮਾਜ ਅਤੇ ਰਾਜਨੀਤਕ ਖੇਤਰ ਵਿੱਚ ਵਿਸ਼ੇਸ਼ ਪ੍ਰਾਪਤੀ ਕੀਤੀ ਅਤੇ ਸਿੱਖ ਇਤਿਹਾਸ ਨੂੰ ਵਿਸ਼ਵ ਇਤਿਹਾਸ ਦੇ ਪੰਨਿਆਂ ਵਿੱਚ ਰੌਸ਼ਨ ਕੀਤਾ। ਪਰ ਦੁਖ ਦੀ ਗੱਲ ਇਹ ਹੈ ਕਿ ਅਸੀਂ ਕਈ ਇਤਿਹਾਸਕ ਸਖ਼ਸ਼ੀਅਤਾਂ ਸੰਬੰਧੀ ਜਾਣਕਾਰੀ ਤੋਂ ਵਾਂਝੇ ਰਹਿ ਗਏ ਹਾਂ, ਜਿਨ੍ਹਾਂ ਨੇ ਕੌਮ ਦੀ ਆਨ, ਬਾਨ ਤੇ ਸ਼ਾਨ ਲਈ ਆਪਣੀ ਕੁਰਬਾਨੀ ਦਿੱਤੀ, ਪਰ ਚੜ੍ਹਦੀ ਕਲਾ ਦੇ ਸੰਕਲਪ ਨੂੰ ਆਪਣੀ ਸਖ਼ਸ਼ੀਅਤ ਵਿੱਚੋਂ ਖਾਰਜ ਨਹੀਂ ਹੋਣ ਦਿੱਤਾ। ਚਾਹੀਦਾ ਤਾਂ ਇਹ ਸੀ ਕਿ ਅਸੀਂ ਇਨ੍ਹਾਂ ਗੁਰਸਿੱਖ ਸੂਰਮਿਆਂ ਤੇ ਯੋਧਿਆਂ ਦਾ ਪੂਰਨ ਇਤਿਹਾਸ ਤਿਆਰ ਕਰਦੇ। ਨਾ ਹੀ ਕਿਸੇ ਸੰਸਥਾ ਨੇ ਇਸ ਕਾਰਜ ਵਲ ਕੋਈ ਉਪਰਾਲਾ ਕੀਤਾ ਹੈ ਤੇ ਨਾ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਕਾਰਜ ਵਲ ਰੁਚਿਤ ਹੋਈ ਹੈ।

ਰਾਜ ਜੋਗੀ ਬਾਬਾ ਸਾਹਿਬ ਸਿੰਘ ਜੀ ਊਨਾਂ ਸਾਹਿਬ ਅਠਾਰਵੀਂ ਸਦੀ ਦੇ ਮਹਾਨ ਧਰਮ ਯੋਧੇ ਹੋਏ ਹਨ, ਜੋ ਕਿ ਨਿਮਰਤਾ ਤੇ ਬਹਾਦਰੀ ਦੇ ਗੁਣਾਂ ਨਾਲ ਭਰਪੂਰ ਸਨ। ਪਰ ਦੁਖ ਦੀ ਗੱਲ ਇਹ

ਹੈ ਕਿ ਇਹ ਮਹਾਨ ਗੁਰਸਿੱਖ ਸਖ਼ਸ਼ੀਅਤ ਹਾਲੇ ਤੱਕ ਸਹੀ ਰੂਪ ਵਿੱਚ ਧਰਮ ਅਤੇ ਸਿੱਖ ਇਤਿਹਾਸ ਦੇ ਪੰਨਿਆਂ ਦਾ ਸ਼ਿੰਗਾਰ ਨਹੀਂ ਬਣ ਸਕੀ। ਜੇਕਰ ਖਾਲਸਾ ਪੰਥ ਆਪਣੀ ਮਾਨਸਿਕਤਾ ਵਿੱਚੋਂ ਬਾਬਾ ਸਾਹਿਬ ਜੀ ਵਰਗੇ ਮਹਾਨ ਯੋਧਿਆਂ ਨੂੰ ਮਨਫ਼ੀ ਕਰ ਦੇਵੇਗਾ ਜਾਂ ਉਨ੍ਹਾਂ ਦਾ ਵਾਰਿਸ ਨਹੀਂ ਬਣੇਗਾ ਤਾਂ ਪੰਥ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਵਿਸ਼ਵ ਦੇ ਇਤਿਹਾਸ ਵਿੱਚ ਉਸ ਦਾ ਭਵਿੱਖ ਕਦੇ ਵੀ ਉਜਵਲ ਨਹੀਂ ਬਣ ਸਕੇਗਾ।

ਬਾਬਾ ਸਾਹਿਬ ਸਿੰਘ ਜੀ ਊਨਾਂ ਸਾਹਿਬ ਵਰਗੇ ਅਣਗਿਣਤ ਗੁਰਸਿੱਖ ਮਹਿਜ ਖ਼ਾਲਸਾ ਪੰਥ ਦਾ ਮਹਾਨ ਵਿਰਸਾ ਤੇ ਕੌਮੀ ਇਤਿਹਾਸ ਦਾ ਨਿਰਮਾਣ ਕਰਨ ਵਾਲੇ ਹੀ ਨਹੀਂ ਹਨ, ਸਗੋਂ ਸਿੱਖ ਧਰਮ ਤੇ ਖ਼ਾਲਸਾ ਪੰਥ ਦੇ ਚਰਿਤਰ ਨੂੰ ਅਮਲ ਤੇ ਅਭਿਆਸ ਪੱਧਰ ਉੱਤੇ ਜੀਵਤ ਰੱਖਣ ਵਾਲੀ ਵਿਸ਼ਾਲ ਉਦਾਹਰਣ ਵੀ ਹਨ। ਵੱਖ-ਵੱਖ ਚਿੰਤਕਾਂ ਨੇ ਬਾਬਾ ਸਾਹਿਬ ਸਿੰਘ ਜੀ ਬਾਰੇ ਇਸ ਤਰ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਹੈ। ਭਾਈ ਕਾਨ੍ਹ ਸਿੰਘ ਨਾਭਾ ਬਾਬਾ ਸਾਹਿਬ ਸਿੰਘ ਜੀ ਦੇ ਸੰਬੰਧ ਵਿੱਚ ਲਿਖਦੇ ਹੋਏ ਆਖਦੇ ਹਨ, ''ਇਹ ਵੱਡੇ ਕਰਣੀ ਵਾਲੇ ਗੁਰਮਤਿ ਤੇ ਪ੍ਰਚਾਰਕ ਹੋਏ ਹਨ। ਇਨ੍ਹਾਂ ਨੇ ਪ੍ਰਾਕਰਮ ਨਾਲ ਬਹੁਤ ਇਲਾਕਾ ਆਪਣੇ ਕਬਜ਼ੇ ਕਰ ਲਿਆ ਹੋਇਆ ਸੀ ਤੇ ਰਾਜਧਾਨੀ ਊਨਾਂ ਥਾਪੀ। ਬਾਬਾ ਜੀ ਦਾ ਲੰਗਰ ਹਰ ਵੇਲੇ ਵਰਤਦਾ ਰਹਿੰਦਾ ਸੀ ਅਤੇ ਕਥਾ ਕੀਰਤਨ ਦਾ ਅਖੰਡ ਪ੍ਰਚਾਰ ਹੁੰਦਾ ਸੀ।'' ਸਰ ਲਿਪਨ ਗ੍ਰਿਫਨ ਕਰਤਾ ਚੀਫ਼ਸ ਪੰਜਾਬ ਬਾਬਾ ਸਾਹਿਬ ਸਿੰਘ ਜੀ ਦੀ ਉਚਤਮ ਸਖ਼ਸ਼ੀਅਤ ਬਾਰੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਦਾ ਹੋਇਆ ਆਖਦਾ ਹੈ, ''ਸੰਨ ੧੭੩੮ ਮੇਂ ਕਲਾਧਾਰੀ ਕੀ ਵਫਾਤ ਕੇ ਬਾਦ ਉਸ ਕੇ ਲੜਕੇ ਇਧਰ ਉਧਰ ਮੁਨਤਿਸ਼ਰ ਹੋ ਗਏ। ਇਨ ਮੇਂ ਸੇ ਅਵਤਾਰ ਚੰਦ ਤੋਂ ਬਾਰੀਆ ਤਸੀਲਾਂ ਸ਼ੰਕਰਗੜ੍ਹ ਮੇਂ ਜਾ ਮੁਕੀਮ ਹੋ ਗਿਆ। ਜਹਾਂ ਉਸ ਕੀ ਔਲਾਦ ਮੁਆਫ਼ੀ ਜਮੀਨ ਪਰ ਕਾਬਜ਼ ਹੈ ਔਰ ਧਰਮ ਚੰਦ ਡੇਰਾ ਬਾਬਾ ਨਾਨਕ ਮੇਂ ਚਲਾ ਗਿਆ। ਸਾਗਰ ਚੰਦ ਲਾਵਲਦ ਮਰ ਗਿਆ ਔਰ ਅਜੀਤ ਸਿੰਘ-ਮਜ਼ਹਬੀ ਮੁਆਮਲਾਤ ਮੇਂ ਆਪਣੇ ਬਾਪ ਕਾ ਜਾਨਸ਼ੀਨ ਹੂਆ, ਲੇਕਿਨ ਇਸ ਮੇਂ ਆਪਣੇ ਬਾਪ (ਕਲਾਧਾਰੀ) ਜੈਸਾ ਮਜ਼ਹਬੀ ਜੋਸ਼ ਨਾ ਥਾ। ਔਰ ਅਗਰ ਇਸ ਖ਼ਾਨਦਾਨ ਮੇਂ-ਅਜੀਤ ਸਿੰਘ ਕੇ ਬੇਟੇ ਬੇਦੀ ਸਾਹਿਬ ਸਿੰਘ ਜੈਸਾ ਨਾਮਵਰ ਆਦਮੀ ਪੈਦਾ ਨਾ ਹੋਤਾ ਤੋ ਯੇਹ ਖਾਨਦਾਨ ਗਾਲਬਿਨ ਬੇ ਹਕੀਕਤ ਹੋ ਜਾਤਾ।'' ਇਤਿਹਾਸਕਾਰ ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ ਵਾਲੇ ਬਾਬਾ ਸਾਹਿਬ ਸਿੰਘ ਜੀ ਦੇ ਅਲੌਕਿਕ ਗੁਣਾਂ ਦਾ ਪ੍ਰਗਟਾਵਾ ਕਰਦੇ ਹੋਏ ਆਖਦੇ ਹਨ, ''ਸਤਿਗੁਰੂ ਨਾਨਕ ਦੇਵ ਜੀ ਦੀ ਪਾਵਨ ਬੰਸ ਵਿੱਚ ਜਨਮ ਹੋਣ ਤੋਂ ਛੁਟ ਬਾਬਾ ਸਾਹਿਬ ਸਿੰਘ ਜੀ ਵਿੱਚ ਉਹ ਸਾਰੇ ਗੁਣ ਮੌਜੂਦ ਸਨ, ਜਿਹੜੇ ਕਿਸੇ ਸ੍ਰੇਸ਼ਟ ਪੁਰਸ਼ ਉਚ ਪਾਏ ਦੇ ਜਰਨੈਲ ਲਈ ਸੋਭਦੇ ਹਨ। ਆਪ ਜਿੱਥੇ ਆਤਮਿਕ ਜੀਵਨ ਵਿੱਚ ਖਾਸ ਪ੍ਰਭੁਤਾ ਰੱਖਦੇ ਹਨ, ਉਥੈ ਨਾਲ ਹੀ ਤਲਵਾਰ ਦੇ ਭੀ ਐਸੇ ਧਨੀ ਸਨ ਕਿ ਉਨ੍ਹਾਂ ਦੇ ਨਾਲ ਦਾ ਜੋਧਾ ਕੋਈ ਹੀ ਮਿਲਦਾ ਸੀ। ਲੋੜ ਪੈਣ ਤੇ ਆਪ ਜਦ ਰਣ ਤਤਿਆਂ ਵਿੱਚ ਆਪਣੀ ਤੇਗ ਧੂਹ ਕੇ ਪੈ ਵੜਦੇ ਸਨ ਤਾਂ ਇਉਂ ਮਲੂਮ ਹੁੰਦਾ ਸੀ ਕਿ ਮਾਨੋਂ ਧੁਰ ਅਕਾਸ਼ ਤੋਂ ਕੜਕਦੀ ਬਿਜਲੀ ਵੈਰੀ ਦੇ ਸਿਰ ਟੁਟ ਕੇ ਪੈ ਰਹੀ ਹੈ।... ਧਾਰਮਿਕ ਦੀਵਾਨ ਵਿੱਚ ਜਦ ਆਪ ਸ੍ਰੀ

ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠ ਕੇ ਗੁਰਬਾਣੀ ਦੀ ਕਥਾ ਕਰਦੇ ਹੁੰਦੇ ਤਾਂ ਇਉਂ ਪ੍ਰਤੀਤ ਹੁੰਦਾ ਸੀ ਕਿ ਧੁਰ ਅਰਸ਼ਾਂ ਤੋਂ ਅੰਮ੍ਰਿਤ ਵਰਖਾ ਹੋ ਰਹੀ ਹੈ।'' ਬਾਬਾ ਹਰੀ ਸਿੰਘ ਬਾਬਾ ਸਾਹਿਬ ਸਿੰਘ ਜੀ ਦੀ ਅਲੌਕਿਕ ਪ੍ਰਤਿਭਾ ਅਤੇ ਮਹਾਨਤਾ ਦਾ ਜ਼ਿਕਰ ਕਰਦੇ ਹੋਏ ਆਖਦੇ ਹਨ, ''ਬਾਬਾ ਕਲਾਧਾਰੀ ਜੀ ਨੂੰ ਦਸਮ ਪਾਤਸ਼ਾਹ ਜੀ ਦੇ ਜਦ ਆਦਿ ਗੁਰੂ ਜੀ ਦੇ ਸਰੂਪ ਵਿੱਚ ਨਾਮ ਬਖਸ਼ਿਆ ਤਾਂ ਬਾਬਾ ਜੀ ਨੇ ਗੁਰੂ ਜੀ ਪਾਸੋਂ ਆਪਣੀ ਅੰਸ਼ ਕਲਾਂ ਵਾਲਾ ਵੰਸ਼ਜ ਵੀ ਆਪਣੇ ਲਈ ਮੰਗਿਆ ਜੋ ਸ੍ਰੀ ਹਜ਼ੂਰ ਦੀ ਦਾਤ ਦੁਆਰਾ ਬਾਬਾ ਜੀ ਦੇ ਘਰ ਬ੍ਰਿਧ ਅਵਸਥਾ ਵਿੱਚ ਪੌਤਰਾ ਸ੍ਰੀ ਬਾਬਾ ਸਾਹਿਬ ਜੀ ਬੇਦੀ ਜਨਮੇ। ਬਾਬਾ ਸਾਹਿਬ ਸਿੰਘ ਜੀ ਪ੍ਰਸਿੱਧ ਪੂਜਯ ਵਿਦਵਾਨ ਬੜੇ ਕਰਾਮਾਤੀ ਤੇ ਬੀਰ ਬਲੀ ਹੋਏ ਹਨ। ਉਨ੍ਹਾਂ ਦੀਆਂ ਧਰਮਸ਼ਾਲਾਂ ਤੇ ਯਾਦਗਾਰੀ ਅਸਥਾਨ ਥਾਂ ਥਾਂ ਪੰਜਾਬ ਵਿੱਚ ਸਥਾਪਿਤ ਹਨ, ਜੋ ਦੰਮਦਮੇ ਕਰਕੇ ਪ੍ਰਸਿੱਧ ਹਨ (ਜਿਹਾ ਕਿ ਗੁਜਰਾਂ ਵਾਲੇ) ਉਨ੍ਹਾਂ ਦੀ ਗੱਦੀ ਊਨਾਂ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਹੈ।.... ਬਾਬਾ ਜੀ ਸਿੱਖ ਰਾਜ ਦੇ ਸਮੇਂ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮਕਾਲੀ ਸਨ ਅਤੇ ਉਨ੍ਹਾਂ ਨੂੰ ਰਾਜਸੀ ਸਨਮਾਨ ਪ੍ਰਾਪਤ ਸੀ।'' ਪ੍ਰੋ: ਜੋਗਿੰਦਰ ਸਿੰਘ ਬਾਬਾ ਸਾਹਿਬ ਸਿੰਘ ਜੀ ਦੇ ਅਲੌਕਿਕ ਤੇ ਨੈਤਿਕ ਗੁਣਾਂ ਦੀ ਚਰਚਾ ਕਰਦਾ ਹੋਇਆ ਆਖਦਾ ਹੈ, ''ਜੇ ਬਾਬਾ ਸਾਹਿਬ ਸਿੰਘ ਜੀ ਬੇਦੀ ਦੀ ਸਮੁੱਚੀ ਜ਼ਿੰਦਗੀ ਦਾ ਸਰਵੇਖਣ ਕੀਤਾ ਜਾਏ ਤਾਂ ਉਹ ਗੁਰਸਿੱਖ ਤੇ ਰਾਜ ਜੋਗੀ ਤਾਂ ਸਿੱਧ ਹੁੰਦੇ ਹੀ ਹਨ, ਸਗੋਂ ਉਨ੍ਹਾਂ ਦੀਆਂ ਪ੍ਰਾਪਤੀਆਂ ਵੀ ਵੱਡਮੁੱਲੀਆਂ ਸਾਬਤ ਹੁੰਦੀਆਂ ਹਨ। ਆਪਣੇ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਜਾਂ ਉਪਦੇਸ਼ ਮੁਤਾਬਿਕ ਗੁਰਸਿੱਖ ਬਣਾ ਲੈਣਾ, ਇਹ ਉਨ੍ਹਾਂ ਦੀਆਂ ਸਰਬ ਪ੍ਰਾਪਤੀਆਂ ਦਾ ਗੁਣ ਤੱਤ ਹੈ, ਉਨ੍ਹਾਂ ਦੀਆਂ ਪ੍ਰਾਪਤੀਆਂ ਦਾ ਸਰਵੋਤਮ ਪੱਖ ਹੈ। ਇਸੇ ਕਰਕੇ ਬਾਬਾ ਸਾਹਿਬ ਸਿੰਘ ਜੀ ਬੇਦੀ ਨੂੰ ਸਿੱਖ ਮੱਤ ਤੇ ਖ਼ਾਲਸਾ ਰਾਜ ਦੇ ਇਤਿਹਾਸ ਵਿੱਚ ਅਦੁੱਤੀ ਸਤਿਕਾਰ ਪ੍ਰਾਪਤ ਹੈ।'' ਗਿਆਨੀ ਮੇਹਰ ਸਿੰਘ ਬਾਬਾ ਸਾਹਿਬ ਸਿੰਘ ਜੀ ਦੇ ਅਧਿਆਤਮਕ ਤੇ ਰਾਜਨੀਤਕ ਗੁਣਾਂ ਦੀ ਚਰਚਾ ਕਰਦਾ ਹੋਇਆ ਆਖਦਾ ਹੈ, ''ਬਾਬਾ ਸਾਹਿਬ ਸਿੰਘ ਜੀ ਨੂੰ ਇਕ ਤਰ੍ਹਾਂ ਨਾਲ ਅਠਾਰਵੀਂ ਸਦੀ ਵਿੱਚ ਪੰਜਾਬ ਦਾ ਰਾਸ਼ਟਰ ਪਿਤਾ ਕਿਹਾ ਜਾਵੇ, ਤਦ ਇਹ ਕਿਸੇ ਵੀ ਤਰ੍ਹਾਂ ਗਲਤ ਨਹੀਂ ਹੋ ਸਕਦਾ। ਉਹ ਹਰ ਢੰਗ ਕਰਤਵਯ ਤੇ ਕੋਸ਼ਿਸ਼ ਕਰਨ ਤੋਂ ਕਦੇ ਪਿੱਛੇ ਨਹੀਂ ਹਟਦੇ ਸਨ। ਜਿਸ ਕਰਕੇ ਪੰਜਾਬ ਅੰਦਰ ਇਕ ਮਹਾਨ ਸ਼ਕਤੀਸ਼ਾਲੀ ਤੇ ਅਹਿਲ ਰਾਜ ਸਥਾਪਤ ਕੀਤਾ ਜਾਵੇ, ਜਿਸ ਵਲ ਕੋਈ ਵੀ ਗੈਰ ਅੱਖ ਉਠਾ ਕੇ ਨਾ ਤੱਕ ਸਕੇ ਤੇ ਉਸ ਦੀ ਛਾਂ ਹੇਠਾਂ ਪੰਜਾਬ ਦਾ ਹਰ ਵਸਨੀਕ ਸੁਖੀ ਪ੍ਰਫੁਲਿਤ ਹੋ ਕੇ ਤੇ ਪੂਰਨ ਤੌਰ ਪਰ ਇਸ ਨੂੰ ਆਪਣਾ ਰਾਜ ਕਹਿ ਸਕੇ।''

ਉਪਰੋਕਤ ਵਿਦਵਾਨਾਂ ਦੇ ਵਿਚਾਰਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਬਾਬਾ ਸਾਹਿਬ ਸਿੰਘ ਜੀ ਦੀ ਪ੍ਰਤਿਭਾ ਬਹੁ-ਮੁਖੀ ਹੈ। ਭਾਵੇਂ ਬਾਬਾ ਜੀ ਦੀ ਪ੍ਰਤਿਭਾ ਮੁਖ ਰੂਪ ਵਿੱਚ ਧਾਰਮਿਕ ਸੀ, ਪਰ ਰਾਜਸੀ ਨਿਪੁੰਨਤਾ ਉਨ੍ਹਾਂ ਦਾ ਵਿਸ਼ੇਸ਼ ਲੱਛਣ ਸੀ। ਸ਼ਾਇਦ ਇਸੇ ਕਰਕੇ ਉਨ੍ਹਾਂ ਨੂੰ ਰਾਜ ਜੋਗੀ ਆਖ ਕੇ ਸਤਿਕਾਰਿਆ ਜਾਂਦਾ ਹੈ। ਬਾਬਾ ਜੀ ਨੇ ਜਿਸ ਦੂਰ ਅੰਦੇਸ਼ੀ, ਸੂਰਬੀਰਤਾ, ਸਿਆਣਪ ਅਤੇ ਸਮਦ੍ਰਿਸ਼ਟੀ ਦੁਆਰਾ, ਖ਼ਾਲਸਾ ਪੰਥ ਦੀ ਖਿੰਡੀ ਹੋਈ ਸ਼ਕਤੀ ਨੂੰ ਇਕ ਮੰਚ ਤੇ ਇਕੱਤਰ ਕਰਕੇ, ਖ਼ਾਲਸਾ ਰਾਜ ਦੀ

ਸਿਰਜਣਾ ਕਰਕੇ ਸ: ਰਣਜੀਤ ਸਿੰਘ ਨੂੰ ਰਾਜ ਭਾਗ ਦਾ ਮਾਲਕ ਬਣਾਇਆ, ਉਸ ਵਰਗੀ ਉਦਾਹਰਣ ਰਾਸ਼ਟਰੀ ਇਤਿਹਾਸ ਦੇ ਕਿਸੇ ਭਾਗ ਵਿੱਚੋਂ ਲੱਭਣੀ ਮੁਸ਼ਕਲ ਹੈ। ਇਸ ਤਰ੍ਹਾਂ ਬਾਬਾ ਸਾਹਿਬ ਸਿੰਘ ਜੀ ਊਨਾਂ ਸਾਹਿਬ ਆਪਣੇ ਸਮੇਂ ਦੀ ਅਤਿ ਪ੍ਰਸਿੱਧ ਸੱਚੀ ਤੇ ਸੁੱਚੀ ਸਖ਼ਸ਼ੀਅਤ ਦਾ ਪ੍ਰਭਾਵ ਰੱਖਣ ਵਾਲੇ ਮਹਾਂਪੁਰਖ ਸਨ।

## ਨਿਸ਼ਕਰਸ਼

ਬਾਬਾ ਸਾਹਿਬ ਸਿੰਘ ਜੀ ਊਨਾਂ ਸਾਹਿਬ (1756-1834 ਈ:) ਖ਼ਾਲਸਾ ਪੰਥ ਦੀ ਇਕ ਆਦਰਯੋਗ ਸਖ਼ਸ਼ੀਅਤ ਸਨ,। ਉਹ ਜਿੱਥੇ ਗੁਰੂ ਨਾਨਕ ਸਾਹਿਬ ਜੀ ਦੀ ਅੰਸ਼ ਵੰਸ਼ ਨਾਲ ਸੰਬੰਧਿਤ ਹੋਣ ਕਰਕੇ ਖ਼ਾਲਸਾ ਪੰਥ ਵਿੱਚ ਆਪਣਾ ਆਦਰਯੋਗ ਸਥਾਨ ਰੱਖਦੇ ਹਨ, ਉੱਥੇ ਅਧਿਆਤਮਕ ਖੇਤਰ ਵਿੱਚ ਅਲੌਕਿਕ ਕਮਾਈ ਕਰਕੇ ਗੁਰਸਿੱਖ ਵਜੋਂ ਆਪਣੀ ਹੋਂਦ ਸਥਾਪਿਤ ਕਰਦੇ ਹਨ। ਭਾਵੇਂ ਉਨ੍ਹਾਂ ਨੂੰ ਅਧਿਆਤਮਕ ਦ੍ਰਿਸ਼ਟੀ ਤੋਂ ਦੇਖਿਆ ਜਾਵੇ ਅਤੇ ਭਾਵੇਂ ਸੂਰਮਗਤੀ ਤੇ ਸਹਿਨਸ਼ਾਹ ਦੇ ਨਜ਼ਰੀਏ ਤੋਂ, ਉਨ੍ਹਾਂ ਦੇ ਵਿਅਕਤਿਤਵ ਦਾ ਸੰਪੂਰਨ ਅਤੇ ਸਮੁੱਚਾ ਰੂਪ ਅਲੌਕਿਕ ਨਾਇਕ ਵਾਲਾ ਹੀ ਬਣਦਾ ਹੈ। ਉਨ੍ਹਾਂ ਦੀ ਪੋਸ਼ਾਕ ਸ਼ਸਤਰਾਂ ਅਸਤਰਾਂ ਵਾਲੀ, ਸੁਭਾ ਸ਼ੌਕ ਤੇ ਸਿਦਕ ਨਿਰਭੈ ਯੋਧਿਆਂ ਵਾਲਾ, ਵਾਤਾਵਰਣ, ਵਿਚਰਣ ਦਾ ਢੰਗ ਤੇ ਸਹਿਜ ਗਿਆਨ ਅਦੁਤੀ ਵਿਦਵਾਨਾਂ ਵਾਲਾ ਸੀ। ਆਤਮ ਵਿਸ਼ਵਾਸ ਤਾਂ ਉਨ੍ਹਾਂ ਨੂੰ ਆਪਣੇ ਮਾਤਾ-ਪਿਤਾ ਵਲੋਂ ਕੀਤੀ ਪਾਲਣਾ ਤੇ ਉਪਦੇਸ਼ਾਂ ਦੇ ਫ਼ਲ ਵਜੋਂ ਪ੍ਰਾਪਤ ਹੋ ਗਿਆ ਸੀ ਤੇ ਦ੍ਰਿੜ ਸਾਹਸ ਤਾਂ ਉਨ੍ਹਾਂ ਨੇ ਆਪਣੀਆਂ ਬਚਪਨ ਦੀਆਂ ਖੇਡਾਂ ਤੇ ਸ਼ਿਕਾਰ ਦੇ ਸ਼ੌਕ ਵਿਚੋਂ ਗ੍ਰਹਿਣ ਕਰ ਲਿਆ ਸੀ।

ਬਾਬਾ ਜੀ ਦੇ ਜਨਮ ਤੋਂ ਪਹਿਲਾਂ ਭਾਰਤ ਦੀ ਹਾਲਤ ਬੜੀ ਚਿੰਤਾਜਨਕ ਸੀ। ਇਸ ਸਮੇਂ ਕਈ ਅਫ਼ਗਾਨ ਧਾੜਵੀ ਜਿਵੇਂ ਨਾਦਰਸ਼ਾਹ, ਅਹਿਮਦ ਸ਼ਾਹ ਅਬਦਾਲੀ ਸਮੇਂ ਸਮੇਂ ਸਿਰ ਭਾਰਤ ਉੱਤੇ ਹਮਲਾ ਕਰਦੇ ਰਹਿੰਦੇ ਸਨ। ਭਾਵੇਂ ਖ਼ਾਲਸਾ ਪੰਥ ਦੀਆਂ ਮਿਸਲਾਂ ਗੁਰੀਲਾ ਨੀਤੀ ਨਾਲ ਇਨ੍ਹਾਂ ਧਾੜਵੀਆਂ ਨਾਲ ਟੱਕਰ ਲੈਂਦੀਆਂ ਸਨ, ਪਰ ਇਕਸੁਰਤਾ ਤੇ ਏਕੇ ਦੀ ਘਾਟ ਕਾਰਨ ਉਨ੍ਹਾਂ ਨੂੰ ਰੋਕਣ ਅਤੇ ਆਪ ਵਿਸ਼ਾਲ ਖ਼ਾਲਸਾ ਰਾਜ ਕਾਇਮ ਕਰਨ ਤੋਂ ਅਸਮਰਥ ਸਨ। ਇਸ ਲਈ ਬਾਬਾ ਜੀ ਲਈ ਵੀ ਜ਼ਰੂਰੀ ਹੋ ਗਿਆ ਸੀ ਕਿ ਉਹ ਸਿੱਖ ਮਿਸਲਾਂ ਨੂੰ ਇਕ ਆਗੂ ਅਧੀਨ ਇਕੱਤਰ ਕਰਕੇ ਵਿਸ਼ਾਲ ਖ਼ਾਲਸਾ ਰਾਜ ਦੀ ਉਸਾਰੀ ਕਰਨ, ਜਿਸ ਨਾਲ ਭਾਰਤੀ ਜਨਤਾ ਨੂੰ ਧਾੜਵੀਆਂ ਦੀ ਲੁੱਟ ਤੇ ਕਤਲੋਗਾਰਤ ਤੋਂ ਬਚਾਇਆ ਜਾ ਸਕੇ। ਉਨ੍ਹਾਂ ਨੇ ਸਿੱਖ ਸਰਦਾਰਾਂ ਵਿੱਚ ਇਕਸੁਰਤਾ ਲਿਆ ਕੇ ਤੇ ਏਕੇ ਵਿੱਚ ਪਰੋ ਕੇ ਅਫਗਾਨ ਜਰਨੈਲ ਸ਼ਾਹ ਜਮਾਨ, ਫਰੰਗੀ ਜਰਨੈਲ ਜਾਰਜ ਥਾਮਸਨ, ਰਾਏ ਅਲਯਾਸ, ਮੁਸਲਮਾਨ ਹਾਕਮ ਅਤਾਉਲਾ ਖਾਨ ਅਤੇ ਸ਼ੇਰ ਖਾਨ ਆਦਿ ਵਰਗਿਆਂ ਦੇ ਦੰਦ ਖੱਟੇ ਹੀ ਨਹੀਂ ਕੀਤੇ, ਸਗੋਂ ਸਰਦਾਰ ਰਣਜੀਤ ਸਿੰਘ ਨੂੰ ਲਾਹੌਰ ਦੇ ਤਖ਼ਤ ਉੱਤੇ ਬਿਠਾ ਕੇ ਸਮੁੱਚੀ ਕੌਮ ਅਤੇ ਸਿੱਖ ਸਰਦਾਰਾਂ ਨੂੰ ਉਸ ਦੀ ਅਗਵਾਈ ਵਿੱਚ ਇਕੱਤਰ ਕਰਕੇ ਵਿਸ਼ਾਲ ਖ਼ਾਲਸਾ ਰਾਜ ਦੀ ਸਥਾਪਨਾ ਕੀਤੀ। ਬਾਬਾ ਜੀ ਵਲੋਂ ਖ਼ਾਲਸਾ ਰਾਜ ਦੀ ਸਿਰਜਣਾ ਲਈ ਕੀਤੇ ਇਹ ਯਤਨ ਗੁਰੂ ਸਾਹਿਬਾਨਾਂ ਦੀ ਸੋਚ ਵਿਚਾਰ,

ਸਮੁੱਚੇ ਕਾਰਜਾਂ ਅਤੇ ਸਿੱਖਾਂ ਦੀਆਂ ਅਥਾਹ ਕੁਰਬਾਨੀਆਂ ਅਥਵਾ ਸ਼ਹੀਦੀਆਂ ਦੀ ਉਪਜ ਸਨ।

ਜਦੋਂ ਵੀ ਮਹਾਰਾਜਾ ਰਣਜੀਤ ਸਿੰਘ ਤੇ ਭੀੜ ਪਈ ਜਾਂ ਮੁਸੀਬਤ ਪਈ, ਬਾਬਾ ਜੀ ਨੇ ਉਸ ਦੀ ਸਹਾਇਤਾ ਕਰਕੇ ਵਿਸ਼ਾਲ ਖ਼ਾਲਸਾ ਰਾਜ ਦੀਆਂ ਨੀਹਾਂ ਨੂੰ ਪਕੇਰਾ ਕੀਤਾ ਅਤੇ ਖ਼ਾਲਸਾ ਰਾਜ ਦੇ ਦੁਸ਼ਮਣਾਂ ਦੀਆਂ ਚਾਲਾਂ ਨੂੰ ਅਸਫਲ ਕਰ ਦਿੱਤਾ। ਭਾਵੇਂ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਡੋਗਰੇ ਜਰਨੈਲਾਂ ਦੀਆਂ ਚਾਲਾਂ ਵਿੱਚ ਆ ਕੇ ਬਾਬਾ ਜੀ ਨਾਲ ਅਤੇ ਹੋਰ ਸਿੱਖ ਜਰਨੈਲਾਂ ਨਾਲ ਧੱਕਾ ਕਰਨ ਦੀ ਕੋਸ਼ਿਸ਼ ਕੀਤੀ, ਪਰ ਬਾਬਾ ਜੀ ਨੇ ਫਿਰ ਵੀ ਮਹਾਰਾਜਾ ਰਣਜੀਤ ਸਿੰਘ ਦੇ ਹਰੇਕ ਔਖੇ ਪੜਾਅ ਵਿੱਚ ਸਾਥ ਨਿਭਾਇਆ ਅਤੇ ਖ਼ਾਲਸਾ ਰਾਜ ਨੂੰ ਚੜ੍ਹਦੀਆਂ ਕਲਾਵਾਂ ਵਿੱਚ ਰੱਖਿਆ।

ਸਿਰਦਾਰ ਕਪੂਰ ਸਿੰਘ ਆਈ.ਸੀ.ਐਸ. ਨੇ ਠੀਕ ਹੀ ਆਖਿਆ ਹੈ ਕਿ ਜੇ ਉਸ ਵੇਲੇ ਦੇ ਸਿੱਖ ਆਗੂ ਬਾਬਾ ਜੀ ਦੀਆਂ ਰਾਜਨੀਤਕ ਸਲਾਹਾਂ ਅਤੇ ਧਾਰਮਿਕ ਉਪਦੇਸ਼ਾਂ ਵਲ ਧਿਆਨ ਦਿੰਦੇ ਤਾਂ ਸਿੱਖ ਰਾਜ ਅੱਜ ਸਾਰੇ ਉੱਤਰੀ ਭਾਰਤ ਉੱਤੇ ਸਥਾਪਿਤ ਹੋਇਆ ਹੁੰਦਾ, ਅੰਗਰੇਜ਼ਾਂ ਦੇ ਪੈਰ ਕਦੇ ਭਾਰਤ ਵਿੱਚ ਨਾ ਜੰਮਦੇ ਅਤੇ ਸਿੱਖ ਕੌਮ ਅੱਜ ਸੰਸਾਰ ਭਰ ਦੀਆਂ ਉਤਮ ਅਤੇ ਗੌਰਵਸ਼ਾਲੀ ਕੌਮਾਂ ਵਿੱਚ ਮੂਹਰੇ ਹੁੰਦੀ। ਪਰ ਬਾਬਾ ਜੀ ਦੇ ਬਚਨਾਂ ਉਪਦੇਸ਼ਾਂ ਨੂੰ ਪੰਥ ਨੇ ਗੌਰ ਨਾਲ ਨਾ ਸੁਣਿਆ, ਵਿਚਾਰਿਆ, ਜਿਸ ਦਾ ਫ਼ਲ ਅਸੀਂ ਅੱਜ ਵੀ ਭੁਗਤ ਰਹੇ ਹਾਂ।'

ਬਾਬਾ ਜੀ ਦਾ ਦ੍ਰਿੜ ਨਿਸ਼ਚਾ ਸੀ ਕਿ ਸਿਧਾਂਤਾਂ ਤੇ ਪਹਿਰਾ ਦੇਣ ਵਾਲੀਆਂ ਕੌਮਾਂ ਹੀ ਸ਼ਕਤੀਸ਼ਾਲੀ ਹੋ ਕੇ ਜੀਉ ਸਕਦੀਆਂ ਹਨ ਅਤੇ ਅਜ਼ਾਦੀ ਦਾ ਨਿੱਘ ਮਾਣ ਸਕਦੀਆਂ ਹਨ। ਇਸ ਲਈ ਉਨ੍ਹਾਂ ਨੇ ਅੰਮ੍ਰਿਤ ਸੰਚਾਰ ਕਰਕੇ ਲੰਗਰ ਦੀ ਪਰੰਪਰਾ ਨੂੰ ਕਾਇਮ ਰੱਖ ਕੇ ਜਾਤਪਾਤ ਰਹਿਤ ਸਮਾਜ ਦੀ ਸਿਰਜਨਾ ਵਿੱਚ ਆਪਣਾ ਯੋਗਦਾਨ ਹੀ ਨਹੀਂ ਪਾਇਆ, ਸਗੋਂ ਜ਼ੁਲਮ ਨਾਲ ਟਕਰਾਉਣ ਦੇ ਜੇਤੂ ਹੋਣ ਦੀ ਵੀ ਜਾਚ ਵੀ ਸਿਖਾਈ।

ਬਾਬਾ ਜੀ ਦੀ ਸਮੁੱਚੇ ਜੀਵਨ ਤੋਂ ਇਹੀ ਗੱਲ ਦ੍ਰਿਸ਼ਟੀਗੋਚਰ ਹੁੰਦੀ ਹੈ ਕਿ ਉਹ ਸੱਚਮੁੱਚ ਗੁਰਸਿੱਖ, ਰਾਜ ਜੋਗੀ ਅਤੇ ਸੰਤ ਸਿਪਾਹੀ ਸਨ। ਇਸੇ ਕਰਕੇ ਹੀ ਬਾਬਾ ਜੀ ਨੂੰ ਖ਼ਾਲਸਾ ਪੰਥ ਤੇ ਖ਼ਾਲਸਾ ਰਾਜ ਦੇ ਇਤਿਹਾਸ ਵਿੱਚ ਅਦੁੱਤੀ ਸਤਿਕਾਰ ਪ੍ਰਾਪਤ ਹੈ।

ਅੱਜ ਲੋੜ ਇਸ ਗੱਲ ਦੀ ਹੈ ਕਿ ਅਸੀਂ ਰਾਜ ਜੋਗੀ ਬਾਬਾ ਸਾਹਿਬ ਸਿੰਘ ਜੀ ਊਨਾਂ ਸਾਹਿਬ ਦੇ ਜੀਵਨ ਤੇ ਸਿੱਖਿਆਵਾਂ ਨੂੰ ਸਮਝੀਏ ਤੇ ਉਨ੍ਹਾਂ ਨੂੰ ਆਪਣੇ ਜੀਵਨ ਵਿੱਚ ਢਾਲੀਏ ਤਾਂ ਹੀ ਅਸੀਂ ਚੜ੍ਹਦੀਆਂ ਕਲਾਵਾਂ ਵੱਲ ਜਾ ਸਕਾਂਗੇ।

◆◆◆

ਇਹ ਭੀ ਅਪਨੋ ਪੰਥ ਪ੍ਰਕਾਸ਼ੇ ॥

# ਦਫ਼ਤਰ ਵਰ-ਘਰ


ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)

ਮੁੱਖ ਇੰਚਾਰਜ: ਭੁਪਿੰਦਰ ਸਿੰਘ 'ਸੇਵਾ ਪੰਥੀ'

ਦਫਤਰ ਇੰਚਾਰਜ : ਬੀਬੀ ਗੁਰਮੀਤ ਕੌਰ 'ਮੀਤ'

ਸੰਪਰਕ ਫ਼ੋਨ: **0164-2262051** (ਸਵੇਰੇ **9** ਤੋਂ **4** ਵਜੇ ਤੱਕ); ਬਾਕੀ ਸਮੇਂ : **2262657 Ph. & Fax.**


ਜਿਨ੍ਹਾਂ ਨੇ ਦਫ਼ਤਰ ਵਰ-ਘਰ ਵਿੱਚ ਫ਼ਾਰਮ ਭਰੇ ਹੋਏ ਹਨ ਉਹ ਚਿੱਠੀ-ਪੱਤਰ ਕਰਨ ਸਮੇਂ ਬਾਕਸ ਨੰਬਰ ਤੇ ਲੜਕੇ/ਲੜਕੀ ਦੀ ਕਾਰਡ ਸਾਈਜ਼ ਫ਼ੋਟੋ ਰਜਿਸਟਰਡ ਪੱਤਰ ਰਾਹੀਂ ਜ਼ਰੂਰ ਭੇਜਣ ਦੀ ਕਿਰਪਾ ਕਰਨ। ਜੇਕਰ ਆਪ ਜੀ ਦੇ ਲੜਕੇ / ਲੜਕੀ ਦਾ ਰਿਸ਼ਤਾ ਹੋ ਜਾਂਦਾ ਹੈ ਤਾਂ ਦਫ਼ਤਰ ਵਰ-ਘਰ ਨੂੰ ਸੂਚਿਤ ਕਰਨ ਦੀ ਕਿਰਪਾਲਤਾ ਕਰਨੀ।

## ਵਰ ਦੀ ਲੋੜ

1. ਸੈਸੀ ਮੱਲਾਹ, Matric, 20 ਸਾਲ ਕੱਦ 5' 2" ਲੜਕੀ ਲਈ ਯੋਗ ਵਰ ਦੀ ਲੋੜ ਹੈ। (ਬਾਕਸ ਨੰ: 1151)
2. ਅਰੋੜਾ ਸਿੱਖ ਖੁਰਾਣਾ, M.A, English, 23 ਸਾਲ, 5'2" ਲੜਕੀ ਲਈ ਯੋਗ ਵਰ ਦੀ ਲੋੜ ਹੈ। (ਬਾਕਸ ਨੰ: 1152)
3. ਅਰੋੜਾ ਸਿੱਖ ਘੁਲਿਆਣੀ, M.A. (Pbi.) Dip. in Library Sci., 27 ਸਾਲ, 5'7" ਲੜਕੀ ਲਈ ਯੋਗ ਵਰ ਦੀ ਲੋੜ ਹੈ। (ਬਾਕਸ ਨੰ: 1153)
4. ਅਰੋੜਾ ਸਿੱਖ ਮੱਕੜ B.A,(Textile Designing) 23 ਸਾਲ, 5'1" ਲੜਕੀ ਲਈ ਯੋਗ ਵਰ ਦੀ ਲੋੜ ਹੈ (ਬਾਕਸ ਨੰ: 1154)

## ਕੰਨਿਆਂ ਦੀ ਲੋੜ

1. ਅਰੋੜਾ ਸਿੱਖ ਗੁਲਾਟੀ, B.A., 28 ਸਾਲ, 5'6" Service in USA ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ। (ਬਾਕਸ ਨੰ: 3052)
2. ਗੁਪਤਾ ਅਗਰਵਾਲ, 10th Pass, 26 ਸਾਲ, 5'8" ਬਿਜ਼ਨੈਸਮੈਨ ਲੜਕੇ ਯੋਗ ਕੰਨਿਆਂ ਦੀ ਲੋੜ ਹੈ। (ਬਾਕਸ ਨੰ: 3053)
3. ਜੱਟ ਸਿੱਖ, 7th Pass 25 ਸਾਲ, 6'5" ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ (ਬਾਕਸ ਨੰ: 3054)
4. ਜੱਟ ਸਿੱਖ, 7th Pass 25 ਸਾਲ, 6' ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ (ਬਾਕਸ ਨੰ: 3055)


ਪ੍ਰਿੰਟਰ ਪਬਲਿਸ਼ਰ ਤੇ ਮਾਲਕ ਸ੍ਰੀਮਾਨ 108 ਸੰਤ ਬਾਬਾ ਤੀਰਥ ਸਿੰਘ ਜੀ ਨੇ ਸੁਭਾਸ਼ ਮਿੱਤਲ ਪ੍ਰਿੰਟਿੰਗ ਪ੍ਰੈਸ ਬਠਿੰਡਾ ਤੋਂ ਛਪਵਾ ਕੇ 'ਭਾਈ ਘਨੱਈਆ ਸੇਵਾ ਸੁਸਾਇਟੀ' (ਰਜਿ:) ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ) ਤੋਂ ਮਿਤੀ 1 ਮਾਰਚ 2003 ਨੂੰ ਜਾਰੀ ਕੀਤਾ।

# ਸ਼੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਬਠਿੰਡਾ ਦੇ ਸਾਲਾਨਾ ਸਮਾਗਮ ਦੀਆਂ ਝਲਕੀਆਂ



ਮੁੱਖ ਮਹਿਮਾਨ ਜਸਟਿਸ ਮੁਹੰਮਦ ਸ਼ਮੀਮ ਚੇਅਰਮੈਨ ਨੈਸ਼ਨਲ ਮਿਨਰਾਟੀ ਕਮਿਸ਼ਨ ਭਾਰਤ ਸਰਕਾਰ ਨੂੰ ਮਹੰਤ ਤੀਰਥ ਸਿੰਘ ਜੀ ਚੇਅਰਮੈਨ ਸ਼੍ਰੀ ਗੁਰੂ ਹਰਿਕ੍ਰਿਸ਼ਨ ਐਜੂਕੇਸ਼ਨਲ ਟ੍ਰਸਟ ਸਨਮਾਨਿਤ ਕਰਦੇ ਹੋਏ ।



ਵਿਸ਼ੇਸ਼ ਮਹਿਮਾਨ ਡਾ. ਜੇ ਐਸ. ਸੰਧੂ (D.M..,Neph.) ਰੀਡਰ, ਨੈਫਰੋਲੌਜੀ ਵਿਭਾਗ ਦਇਆ ਨੰਦ ਮੈਡੀਕਲ ਕਾਲਜ ਲੁਧਿਆਣਾ ਨੂੰ ਜਸਟਿਸ ਮੁਹੰਮਦ ਸ਼ਮੀਮ ਸਮਾਨਿਤ ਕਰਦੇ ਹੋਏ । ਸ਼੍ਰੀ ਸੁਰਿੰਦਰ ਸਿੰਗਲਾ ਐਮ. ਐਲ. ਏ. ਬਠਿੰਡਾ (ਚੇਅਰਮੈਨ ਹਾਈ ਪਾਵਰ ਫਾਈਨਾਂਸ ਕਮੇਟੀ ਪੰਜਾਬ ਸਰਕਾਰ) ਨਾਲ ਦਿਖਾਈ ਦੇ ਰਹੇ ਹਨ ।

Bhai Kanhaiya Sewa Joti (Monthly) R.N.I. Regd. No. 046716/
Regd.No.TECH/47-5(PB-0148)2003 Chd. Dt.16-12-2002

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਬਠਿੰਡਾ ਦੇ ਸਾਲਾਨਾ ਸਮਾਗਮ ਦੀਆਂ ਝਲਕੀਆਂ



ਮੁੱਖ ਮਹਿਮਾਨ ਜਸਟਿਸ ਮੁਹੰਮਦ ਸ਼ਮੀਮ ਚੇਅਰਮੈਨ ਨੈਸ਼ਨਲ ਮਿਨਾਰਟੀ ਕਮਿਸ਼ਨ ਭਾਰਤ ਸਰਕਾਰ ਨੂੰ ਮਹੰਤ ਤੀਰਥ ਸਿੰਘ ਜੀ ਚੇਅਰਮੈਨ ਸ੍ਰੀ ਗੁਰੂ ਹਰਿਕ੍ਰਿਸ਼ਨ ਐਜੂਕੇਸ਼ਨਲ ਟ੍ਰਸਟ ਸਿਰੋਪਾਉ ਭੇਂਟ ਕਰਦੇ ਹੋਏ । ਸ੍ਰੀ ਸੁਰਿੰਦਰ ਸਿੰਗਲਾ ਐਮ.ਐਲ.ਏ. ਬਠਿੰਡਾ (ਚੇਅਰਮੈਨ ਹਾਈ ਪਾਵਰ ਫਾਈਨਾਂਸ ਕਮੇਟੀ ਪੰਜਾਬ ਸਰਕਾਰ) ਨਾਲ ਦਿਖਾਈ ਦੇ ਰਹੇ ਹਨ ।



ਵਿਸ਼ੇਸ਼ ਮਹਿਮਾਨ ਡਾ. ਬਲਦੇਵ ਸਿੰਘ ਔਲਖ (M.D.,M.ch.Urology) ਮੁਖੀ ਕਿਡਨੀ ਟਰਾਂਸਪਲਾਂਟ ਯੂਨਿਟ ਅਤੇ ਯੂਰੋਲੋਜੀ ਵਿਭਾਗ ਦਇਆ ਨੰਦ ਮੈਡੀਕਲ ਕਾਲਜ ਲੁਧਿਆਣਾ ਨੂੰ ਜਸਟਿਸ ਮੁਹੰਮਦ ਸ਼ਮੀਮ ਸਨਮਾਨਿਤ ਕਰਦੇ ਹੋਏ । ਬਾਬਾ ਜੀ ਅਤੇ ਸਕੂਲ ਦੇ ਪ੍ਰਿੰਸੀਪਲ ਲੈਫ. ਕਰਨਲ (ਰਿਟਾ.) ਬੀ.ਐਸ. ਬਾਠ ਨਾਲ ਦਿਖਾਈ ਦੇ ਰਹੇ ਹਨ ।

Title Designed & Conceived by Bhupinder Singh "Sewa Panthi"